Postal No. - Jallandhar Vide No. L-4/PB/JL-0196/2024-2026

Regd No. 32212/78

ਲੁਬਾਣਾ ਸੇਵਕ

ਜੂਨ 2026 ਕੁੱਲ ਪੰਨੇ : 44 ਮਾਸਿਕ ਮੁੱਲ : 25/-

ਸਿੱਖ ਪੰਥ ਦੀ ਸਿਰਮੌਰ ਸਖ਼ਸ਼ੀਅਤ, ਵਿੱਦਿਅਕ ਦਾਨੀ, ਸਮਾਜ ਸੁਧਾਰਕ ਅਤੇ ਬੇਦਾ਼ਗ਼ ਰਾਜਨੀਤਿਕ ਸਖ਼ਸ਼ੀਅਤ

ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 76ਵੀਂ ਬਰਸੀ

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਮਿਤੀ 21-06-2026
ਦਿਨ ਐਤਵਾਰ ਨੂੰ ਬੜੀ ਸ਼ਰਧਾ ਪੂਰਵਕ ਮਨਾਈ ਜਾਵੇਗੀ।



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

ਵੀਹਵੀਂ ਸਦੀ ਦੇ ਯੁਗ ਪੁਰਸ਼ ਸਨ - ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ



ਸਿੱਖ ਪੰਥ ਦੀ ਸਿਰਮੌਰ ਸ਼ਖ਼ਸੀਅਤ, ਅਧਿਆਤਮਕਤਾ ਦੀ ਸਿਖ਼ਰ, ਵਿਦਿਅਕ ਦਾਨੀ, ਬੇਦਾਗ਼ ਰਾਜਨੀਤਕ ਨੇਤਾ, ਸਿਖ਼ਰ ਦੇ ਸਮਾਜ ਸੁਧਾਰਕ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ 2 ਜੂਨ, 1950 ਈ. ਨੂੰ ਬੇਗੋਵਾਲ, ਜ਼ਿਲ੍ਹਾ ਕਪੂਰਥਲਾ ਵਿਖੇ ਇਸ ਫ਼ਾਨੀ ਸੰਸਾਰ ਤੋਂ ਸਦਾ ਲਈ ਕੂਚ ਕਰ ਗਏ ਸਨ। ਸੰਤਾਂ ਦੀ ਸ਼ਖ਼ਸੀਅਤ ਸਬੰਧੀ ਇਸ ਅੰਕ ਵਿਚ ਉੱਚ ਪਾਏ ਦੇ ਲੇਖ ਪ੍ਰਕਾਸ਼ਿਤ ਕੀਤੇ ਗਏ ਹਨ ਜੋ ਕਿ ਉਹਨਾਂ ਪ੍ਰਤੀ ਅਥਾਹ ਸ਼ਰਧਾ ਸਾਹਿਤ ਸ਼ਰਧਾਜ਼ਲੀ ਹੈ। ਸੰਤ ਪ੍ਰੇਮ ਸਿੰਘ ਜੀ ਦੇ ਅਕਾਲ ਚਲਾਣੇ ਤੇ ਉਹਨਾਂ ਸਬੰਧੀ ਉਸ ਸਮੇਂ ਲੀਡਰਾਂ ਵਲੋਂ ਜੋ ਵਿਚਾਰ ਪ੍ਰਗਟ ਕੀਤੇ ਗਏ ਉਹਨਾਂ ਦਾ ਸੰਖੇਪ ਵਿਚ ਸਾਰ ਅੰਸ਼ ਇਉਂ ਹੈ -

ਡਾ. ਗੋਪੀ ਚੰਦ ਭਾਰਗਵ, ਮੁੱਖ ਮੰਤਰੀ ਨੇ ਕਿਹਾ : ''ਮਹੰਤ ਪ੍ਰੇਮ ਸਿੰਘ ਇਕ ਧਾਰਮਿਕ ਪੁਰਸ਼ ਸਨ, ਜਿਨ੍ਹਾਂ ਨੇ ਕਿ ਪਛੜੀਆਂ ਜਾਤੀਆਂ ਖਾਸ ਕਰਕੇ ਸਿੱਖਾਂ ਦੀ ਵਿਦਿਅਕ ਉੱਨਤੀ ਲਈ ਬਹੁਤ ਕੁਝ ਕੀਤਾ। ਉਹ ਇਕ ਸਮਾਜ-ਸੁਧਾਰਕ ਸਨ ਅਤੇ ਉਹਨਾਂ ਨੇ ਕੁਰੀਤੀਆਂ ਨੂੰ ਦੂਰ ਕਰਨ ਦਾ ਪ੍ਰਚਾਰ ਕੀਤਾ। ਇਹ ਗੁਜਰਾਤ ਜ਼ਿਲ੍ਹੇ ਦੇ ਵਸਨੀਕ ਸਨ ਅਤੇ ਇਹਨਾਂ ਨੇ ਰਫਿਊਜੀਆਂ ਦੀ ਅਤਿਅੰਤ ਸੇਵਾ ਕੀਤੀ। ਲੁਬਾਣੇ ਜੋ ਕਿ ਪੰਜਾਬ ਵਿਚ ਇਕ ਮਹੱਤਵਪੂਰਨ ਮਾਰਸ਼ਲ ਕਬੀਲਾ ਹਨ, ਇਹਨਾਂ ਨੂੰ ਆਪਣਾ ਧਾਰਮਿਕ ਅਤੇ ਸਿਆਸੀ ਨੇਤਾ ਸਮਝਦੇ ਸਨ। ਸਾਰਾ ਸਿੱਖ ਜਗਤ ਇਹਨਾਂ ਦਾ ਬੜਾ ਆਦਰ ਮਾਨ ਕਰਦਾ ਸੀ।''

ਭੀਮ ਸੈਨ ਸੱਚਰ : ''ਮਹੰਤ ਪ੍ਰੇਮ ਸਿੰਘ ਇਕ ਸੁਲਝੇ ਹੋਏ ਪੁਰਸ਼ ਸਨ ਜੋ ਕਿ ਅੱਜ ਸਾਡੇ ਵਿਚ ਨਹੀਂ ਹਨ। ਉਹ ਚੁਪ-ਚਾਪ, ਬ਼ਗ਼ੈਰ ਕਿਸੇ ਵਿਖਾਵੇ ਦੇ ਕੰਮ ਕਰਨ ਵਾਲੇ ਸਨ।''

ਸ. ਪ੍ਰਤਾਪ ਸਿੰਘ ਕੈਰੋਂ : ''ਮਹੰਤ ਪ੍ਰੇਮ ਸਿੰਘ ਅਸਲ ਵਿਚ ਦੇਵਤਾ ਸਨ। ਉਹ ਘੱਟ ਬੋਲਦੇ ਸਨ, ਪਰ ਉਹਨਾਂ ਦੇ ਦਿਲ ਵਿਚ ਹਰ ਇਕ ਲਈ ਅਥਾਹ ਪਿਆਰ ਸੀ। ਇਹਨਾਂ ਨੇ ਲੁਬਾਣਾ ਬਰਾਦਰੀ ਦੀ ਉੱਨਤੀ ਲਈ ਸੁਘੜ ਸੇਵਾ ਕੀਤੀ ਅਤੇ ਮੇਰੇ ਖਿਆਲ ਵਿਚ ਇਸ ਬਰਾਦਰੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।''

ਚੌਧਰੀ ਸੂਰਜ ਮੱਲ : ''ਮਹੰਤ ਪ੍ਰੇਮ ਸਿੰਘ ਵਰਗੇ ਪੁਰਸ਼ਾਂ ਦਾ ਚਲਾ ਜਾਣਾ ਸਿਰਫ਼ ਇਸ ਅਸੈਂਬਲੀ ਲਈ ਹੀ ਨਹੀਂ ਬਲਕਿ ਸਾਰੇ ਸੂਬੇ ਲਈ ਇਕ ਘਾਟਾ ਹੈ। ਮਹੰਤ ਪ੍ਰੇਮ ਸਿੰਘ ਸਾਡੇ ਇਕ ਪੁਰਾਣੇ ਮਿੱਤਰ ਸਨ। ਉਹ ਇਕ ਐਸਾ ਵਿਅਕਤੀ ਸਨ ਜੋ ਕਿ ਸੂਬੇ ਦੇ ਲੋਕਾਂ ਦੀ ਭਲਾਈ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ।''

ਪ੍ਰਿਥਵੀ ਸਿੰਘ ਆਜ਼ਾਦ (ਲੇਬਰ ਮਨਿਸਟਰ) : ਮਹੰਤ ਪ੍ਰੇਮ ਸਿੰਘ ਪਛੜੇ ਵਰਗ ਦੇ ਪ੍ਰਤੀਨਿਧ ਸਨ ਜਿਨ੍ਹਾਂ ਦੀ ਉੱਨਤੀ ਲਈ ਉਹਨਾਂ ਨੇ ਸਹੀ ਕੰਮ ਕੀਤਾ। ਅਸੀਂ ਐਸੇ ਸਿੱਧੇ ਸਾਦੇ ਅਤੇ ਦਿਆਨਤਦਾਰ ਕਾਮੇ ਨੂੰ ਕਦੇ ਵੀ ਭੁਲ ਨਹੀਂ ਸਕਦੇ ਕਿਉਂਕਿ ਉਹਨਾਂ ਦੇ ਜਾਣ ਨਾਲ ਜੋ ਖਲਾਅ ਵਾਪਰਿਆ ਹੈ ਭਰਨਾ ਅਸੰਭਵ ਹੈ।''

ਸ. ਸਵਰਨ ਸਿੰਘ : ''ਮਹੰਤ ਪ੍ਰੇਮ ਸਿੰਘ ਜੀ ਉਹ ਪੁਰਸ਼ ਸਨ ਜਿਨ੍ਹਾਂ ਨੇ ਕਿ ਸੂਬੇ ਦੇ ਲੋਕਾਂ ਦੀ ਜ਼ਿੰਦਗੀ ਲਈ ਕਾਫੀ ਕੁਝ ਕੀਤਾ। ਕੋਈ 15-16 ਸਾਲ ਤੱਕ ਉਹ ਇਸ ਮਾਨਯੋਗ-ਘਰ ਦੇ ਮੈਂਬਰ ਰਹੇ। ਇਸ ਅਰਸੇ ਵਿਚ ਉਹਨਾਂ ਨੇ ਦਿਲੋਂ ਹੋ ਕੇ ਉਹਨਾਂ ਦੀ ਵਿਦਿਅਕ ਉੱਨਤੀ ਲਈ ਕੰਮ ਕੀਤਾ ਜਿਨ੍ਹਾਂ ਨੇ ਕਿ ਉਹਨਾਂ ਨੂੰ ਆਪਣਾ ਆਗੂ ਪ੍ਰਵਾਨ ਕੀਤਾ ਸੀ। ਮੈਂ ਆਪ ਵੇਖਿਆ ਹੈ ਕਿ ਕਿਵੇਂ ਇਹਨਾਂ ਦੇ ਸ਼ਿਸ਼ ਇਹਨਾਂ ਦਾ ਆਦਰ-ਮਾਨ ਕਰਦੇ ਸਨ ਅਤੇ ਜਿਨ੍ਹਾਂ ਲਈ ਇਹਨਾਂ ਦਾ ਕਥਨ ਹੁਕਮ ਹੁੰਦਾ ਸੀ ਜੋ ਕਿ ਕਿਸੇ ਦਲੀਲ ਜਾਂ ਨਾਂਹ-ਨੁਕਰ ਤੋਂ ਬ਼ਗ਼ੈਰ ਮੰਨਿਆ ਜਾਂਦਾ ਸੀ, ਕਿਉਂਕਿ ਇਹਨਾਂ ਨੇ ਉਹਨਾਂ ਦੀ ਉੱਨਤੀ ਲਈ ਕੋਈ ਉੱਦਮ ਬਾਕੀ ਨਹੀਂ ਸੀ ਰਹਿਣ ਦਿੱਤਾ ਹੋਇਆ। ਉਹਨਾਂ ਨੇ ਮੁੰਡਿਆਂ ਕੁੜੀਆਂ ਲਈ ਕਈ ਵਿਦਿਅਕ ਸੰਸਥਾਵਾਂ ਸਥਾਪਤ ਕੀਤੀਆਂ। ਇਹਨਾਂ ਦਾ ਖਰਚ ਉਹ ਆਪਣੀ ਜੇਬ ਵਿਚੋਂ ਕਰਦੇ ਸਨ ਜਾਂ ਉਸ ਮਾਇਆ ਵਿਚੋਂ ਜੋ ਕਿ ਇਹਨਾਂ ਕੋਲ ਚੜ੍ਹਾਵੇ ਦੇ ਤੌਰ ਤੇ ਜਮ੍ਹਾਂ ਹੁੰਦੀ ਸੀ। ਲੋਕਾਂ ਨੂੰ ਇਹਨਾਂ ਤੇ ਪੂਰਾ ਵਿਸ਼ਵਾਸ ਸੀ ਅਤੇ ਇਹਨਾਂ ਦੇ ਕਹਿਣ ਤੇ ਲੋਕੀਂ ਝੱਟ ਰੁਪਏ ਦੇਣ ਲਈ ਤਿਆਰ ਹੋ ਜਾਂਦੇ ਸਨ। ਕਿਉਂਕਿ ਉਹ ਜਾਣਦੇ ਸਨ ਕਿ ਇਹਨਾਂ ਨੂੰ ਦਿੱਤੀ ਹੋਈ ਰਕਮ ਚੰਗੇ ਕੰਮਾਂ ਲਈ ਵਰਤੀ ਜਾਏਗੀ। ਐਸੇ ਲੀਡਰ ਦਾ ਘਾਟਾ ਸਿਰਫ਼ ਉਹਨਾਂ ਦੇ ਪੈਰੋਕਾਰਾਂ ਲਈ ਹੀ ਨਹੀਂ ਬਲਕਿ ਸਾਰੀ ਜਨਤਾ ਲਈ ਹੈ।''

ਗਿਆਨੀ ਕਰਤਾਰ ਸਿੰਘ (ਰੈਵਿਨਿਊ ਮਨਿਸਟਰ) : ''ਮਹੰਤ ਪ੍ਰੇਮ ਸਿੰਘ, ਸਾਡਾ ਸਾਥੀ ਜੋ ਸਾਡੇ ਕੋਲ ਹੁਣ ਨਹੀਂ ਹੈ, ਵੰਡ ਤੋਂ ਪਹਿਲਾਂ ਗੁਜਰਾਤ ਜ਼ਿਲ੍ਹੇ ਦੇ ਵਾਸੀਆਂ ਲਈ ਇਕ ਤਾਕਤ ਦਾ ਸੋਮਾ ਸੀ। ਆਖਰੀ ਦੰਮ ਤੱਕ ਉਹ ਆਪਣੇ ਜ਼ਿਲ੍ਹੇ ਦੇ ਪੀੜਤਾਂ ਨੂੰ ਮੁੜ ਵਸਾਉਣ ਲਈ ਸਹਾਇਤਾ ਕਰਦੇ ਰਹੇ। ਉਹਨਾਂ ਦੀ ਸਾਰੀ ਉਮਰ ਲੋਕਾਂ ਦੀ ਸੇਵਾ ਕਰਨ ਦੀ ਲਗਨ ਵਿਚ ਕੋਈ ਢਿਲ ਨਹੀਂ ਸੀ ਆਈ। ਖਾਸ ਕਰਕੇ ਧਾਰਮਿਕ ਵਿਅਕਤੀ ਹੋਣ ਕਰਕੇ ਉਹਨਾਂ ਦੀ ਉਮਰ ਦਾ ਚੌਥਾ ਹਿੱਸਾ ਸਮਾਜਿਕ ਕੁਰੀਤੀਆਂ ਦੂਰ ਕਰਨ ਦੇ ਕੰਮ ਵਿਚ ਹੀ ਗੁਜਰਿਆ।''

ਸ. ਉੱਜਲ ਸਿੰਘ : ''ਮਹੰਤ ਪ੍ਰੇਮ ਸਿੰਘ ਇਕ ਸਿੱਧੇ-ਸਾਦੇ, ਚੁਪ ਰਹਿਣ ਵਾਲੇ ਪੁਰਸ਼ ਸਨ ਜਿਨ੍ਹਾਂ ਵਿਚ ਲੁਬਾਣਾ ਬਰਾਦਰੀ ਨੂੰ ਬੜਾ ਵਿਸ਼ਵਾਸ ਸੀ। ਭਾਵੇਂ ਉਹ ਅਸੈਂਬਲੀ ਵਿਚ ਕਦੇ ਬੋਲੇ ਨਹੀਂ ਸਨ, ਪਰ ਆਪਣੇ ਉੱਚੇ ਆਚਰਣ ਦੁਆਰਾ ਆਪਣੇ ਸਾਥੀਆਂ ਉੱਪਰ ਕਾਫੀ ਪ੍ਰਭਾਵਤ ਸਨ। ਅਸੀਂ ਸੂਬੇ ਦੇ ਇਸ ਘਾਟੇ ਲਈ ਬਹੁਤ ਅਫ਼ਸੋਸ ਕਰਦੇ ਹਾਂ।''

ਸ੍ਰੀਮਤੀ ਸੀਤਾ ਦੇਵੀ : ''ਮਹੰਤ ਪ੍ਰੇਮ ਸਿੰਘ ਸੱਚਮੁਚ ਦੇਵਤਾ ਸਨ।''

ਸ. ਕਪੂਰ ਸਿੰਘ (ਸਪੀਕਰ) : ''ਮਹੰਤ ਪ੍ਰੇਮ ਸਿੰਘ ਜੀ ਦੀ ਅਣਹੋਂਦ ਨੂੰ ਮੈਂ ਬਹੁਤ ਮਹਿਸੂਸ ਕਰਦਾ ਹਾਂ। ਮੈਂ ਜਾਣਦਾ ਹਾਂ ਕਿ ਉਹ ਆਪਣੇ ਸੇਵਕਾਂ ਲਈ ਬਹੁਤ ਕੁਝ ਕਰ ਰਹੇ ਸਨ। ਮੇਰਾ ਮਤਲਬ ਆਪਣੇ ਸੇਵਕਾਂ ਦੀ ਆਤਮਿਕ ਉੱਨਤੀ ਲਈ ਹੀ ਨਹੀਂ ਬਲਕਿ ਆਪਣੇ ਸਾਰੇ ਹਲਕੇ ਵਾਲਿਆਂ ਲਈ ਵੀ। ਚੋਣਾਂ ਵੇਲੇ ਮੈਂ ਉਹਨਾਂ ਕੋਲੋਂ ਪੁੱਛਿਆ ਕਿ ਉਹ ਚੋਣਾਂ ਲੜਨ ਲਈ ਇੰਨੇ ਚਾਹਵਾਨ ਕਿਉਂ ਹਨ। ਉਹਨਾਂ ਦਾ ਜੁਆਬ ਸੀ : ''ਜਦ ਮੈਂ ਆਪਣੇ ਸੇਵਕਾਂ ਦੀ ਆਤਮਿਕ ਉੱਨਤੀ ਲਈ ਏਨਾ ਚਾਹਵਾਨ ਹਾਂ ਤਾਂ ਕਿਉਂ ਨਾ ਮੈਂ ਸਭਨਾਂ ਲੋਕਾਂ ਦੀ ਉੱਨਤੀ ਲਈ ਵੀ ਕੰਮ ਕਰਾਂ।''

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ



ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963

Chief Editor
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

Editor
S. Surinder Singh Ruby
ETO (Retd.)
E-mail:ruby.surinder57@gmail.com
M.: 98141-28181

Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240



ਦੇਸ	:	250 ਰੁਪਏ
ਪਰਦੇਸ	:	20 ਡਾਲਰ
ਜੀਵਨ ਮੈਂਬਰ ਦੇਸ	:	2500 ਰੁ.
ਜੀਵਨ ਮੈਂਬਰ ਪਰਦੇਸ	:	7500 ਰੁ.

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

ਪੂਰਨਮਾਸ਼ੀ - 29-06-2026 (ਸੋਮਵਾਰ)
ਸੰਗਰਾਂਦ - 15-06-2026 (ਸੋਮਵਾਰ)
ਮੱਸਿਆ - 15-06-2026 (ਸੋਮਵਾਰ)

ਤਤਕਰਾ

ਜਿਲਦ ਨੰ. 41 | ਅੰਕ - 156 | ਜੂਨ - 2026

1.	ਭਗਤ ਕਬੀਰ ਜੀ	4
2.	ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਮਹਾਨ ਵਿਦਿਆਦਾਨੀ ਅਤੇ.....	5
3.	ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ	9
4.	ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਪੰਜਾਬ ਵਿਧਾਨ ਸਭਾ.....	10
5.	ਪੂਰਨ ਬ੍ਰਹਮਗਿਆਨੀ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ	12
6.	ਦੇਸ਼ ਦਾ ਸਭ ਤੋਂ ਤੇਜ਼ ਫਰਾਟਾ ਦੌੜਾ ਬਣਿਆ ਗੁਰਵਿੰਦਰਵੀਰ ਸਿੰਘ	14
7.	ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ	17
8.	ਮੀਰੀ-ਪੀਰੀ ਦੇ ਮਾਲਿਕ ਗੁਰੂ ਹਰਿਗੋਬਿੰਦ ਸਾਹਿਬ	19
9.	ਜਦੋਂ ਬੰਦਾ ਬਹਾਦਰ ਨੇ ਸਿੱਖਾਂ ਦਾ ਇਕ ਸੁਪਨਾ ਸਾਕਾਰ ਕੀਤਾ	21
10.	ਸਚੁ ਸੁਣਾਇਸੀ ਸੱਚ ਕੀ ਬੇਲਾ	24
11.	ਸਿੱਖ ਕੌਮ ਅਤੇ ਦੇਸ਼ ਦਾ ਮਾਣ ਦੌੜਾਕ ਗੁਰਵਿੰਦਰਵੀਰ ਸਿੰਘ	26
12.	ਮਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ	28
13.	ਗੁਰ ਸਾਗਰ ਦੇ ਸੁੱਚੇ ਮੋਤੀ	31
14.	ਜੀਵਨ ਵਿਕਾਸ - ਇਕ ਸੰਘਰਸ਼	32
15.	ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ	33
16.	ਸਿਹਤ ਸੰਭਾਲ	34
17.	ਕਾਵਿ-ਕਿਆਰੀ	35
18.	खेलों की आवश्यकता और महत्त्व	37
19.	Matrimonial	38
20.	ਦਾਨੀ ਸੱਜਣਾਂ ਦੀ ਸੂਚੀ	40


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

Printed & Published by
Bhagwan Singh Lubana for Baba Makhan Shah Lobana Foundation (Regd.)
Sector 30-A, Chandigarh.

Computer Designing - Walia Enterprises, M.: 98153-78692

29 ਜੂਨ ਭਗਤ ਕਬੀਰ ਜੀ ਜਯੰਤੀ 'ਤੇ ਵਿਸ਼ੇਸ਼

ਭਗਤ ਕਬੀਰ ਜੀ



ਗੁਰੂ ਅਰਜਨ ਦੇਵ ਜੀ ਨੇ ਭਗਤ ਕਬੀਰ ਜੀ ਨੂੰ ਭਗਤਾਂ ਦੀ ਸੂਚੀ ਵਿਚ ਪਹਿਲੀ ਥਾਂ ਦਿੱਤੀ ਹੈ ਅਤੇ ਆਪਣੀ ਬਾਣੀ ਵਿਚ 'ਕਬੀਰ ਧਿਆਇਓ ਏਕ ਰੰਗ'। ਕਹਿ ਕੇ ਸਤਿਕਾਰਿਆ ਹੈ।

'ਸ੍ਰੀ ਗੁਰ ਪੁਰ ਪ੍ਰਕਾਸ਼' ਤੇ ਕਥਨ ਅਨੁਸਾਰ ਜਦ ਗੁਰੂ ਨਾਨਕ ਦੇਵ ਤੇ ਕਬੀਰ ਜੀ ਦੀ ਕਾਸ਼ੀ ਵਿਖੇ 'ਆਪਸ ਮਹਿੰ ਬਹੁ ਆਤਮ ਗਯਾਨ' ਦੀਆਂ ਗੱਲਾਂ ਹੋਈਆਂ ਤਾਂ ਕਬੀਰ ਜੀ ਨੇ 'ਦਰਸ ਪਾਇ ਹਮ ਹੋਏ ਨਿਹਾਲ' ਦੇ ਸ਼ਬਦ ਕਹੇ ਤਾਂ

'ਕਹਿ ਸ੍ਰੀ ਸਤਿਗੁਰ ਭਗਤ ਕਬੀਰ।
ਪ੍ਰੇਮ ਭਗਤ ਮਹਿੰ ਤੁਮ ਗੰਭੀਰ।
ਸੰਤਨ ਕੋ ਆਵਨ ਸੰਸਾਰਾ।
ਦੇਨ ਭਗਤ ਨਰ ਪਰ ਉਪਕਾਰਾ।'

ਭਾਈ ਗੁਰਦਾਸ ਜੀ ਨੇ ਵੀ ਗਵਾਹੀ ਦਿੱਤੀ ਹੈ ਕਿ ਜਦ ਕਬੀਰ ਜੀ ਪੂਰਨ ਵਿਸਮਾਦ ਵਿਚ ਚਲੇ ਗਏ ਤਾਂ ਆਤਮਾ ਤੋਂ ਐਸਾ ਅੰਮ੍ਰਿਤ ਜਾ ਝਰਨਾ ਚਲ ਪਿਆ ਕਿ ਉਨ੍ਹਾਂ ਵਿਚ ਤੇ ਵਾਹਿਗੁਰੂ ਵਿਚ ਰਤਾ ਭਰ ਭੇਦ ਨ ਰਹਿਆ ਤੇ ਫਿਰ ਜੋ ਵੀ ਉਹ ਮੁਖੋਂ ਬੋਲਦੇ, ਉਚਾਰਦੇ, ਉਸ ਦੇ ਸੁਣਨ ਨਾਲ ਹੀ ਅਣਘੜੇ ਜੀਵਾਂ ਦੇ ਜੀਵਨ ਘੜੇ ਜਾਂਦੇ।

ਅਚਰਜ ਨੋ ਅਚਰਜ ਮਿਲੈ ਵਿਸਮਾਦੇ ਵਿਸਮਾਦੁ ਮਿਲਾਈ।
ਝਰਮਾ ਝਰਦਾ ਨਿਝਰਹੁੰ, ਗੁਰਮੁਖਿ ਬਾਣੀ ਅਘੜ ਘੜਾਈ।
ਰਾਮੁ ਕਬੀਰੈ ਭੇਦੁ ਨ ਭਾਈ।

ਕਬੀਰ ਕਸੌਟੀ ਰਚਿਤ ਲਹਿਣਾ ਸਿੰਘ (ਪਿੰਜੌਰ) ਦੇ ਲਿਖੇ ਅਨੁਸਾਰ ਕਬੀਰ ਜੀ ਦਾ ਜਨਮ ਬਨਾਰਸ ਵਿਖੇ ਸੰਨ 1398 ਵਿਚ ਹੋਇਆ। ਆਪ ਜੀ ਦੇ ਜਨਮ ਸਬੰਧੀ ਬੇਸ਼ੱਕ ਕੋਈ ਸਪੱਸ਼ਟ ਸੰਕੇਤ ਨਹੀਂ ਮਿਲਦਾ ਪਰ ਆਪ ਦੀ ਪਰਵਰਿਸ਼ ਨੀਰੂ ਨਾਂ ਦੇ ਇਕ ਕਿਰਤੀ ਮੁਸਲਮਾਨ ਜੁਲਾਹਾ ਅਤੇ ਉਸਦੀ ਪਤਨੀ ਨੀਮਾ ਰਾਹੀਂ ਹੋਈ। ਇਨ੍ਹਾਂ ਦਾ ਪਾਲਣ ਪੋਸਨ ਕਿਉਂਕਿ ਮੁਸਲਮਾਨ ਜੁਲਾਹੇ ਦੇ ਘਰ ਹੋਇਆ ਸੀ ਜੋ ਪਾਲਤ ਮਾਪੇ ਦੀ ਇੱਛਾ ਸੀ ਕਿ ਕਬੀਰ ਇਸਲਾਮੀ ਕਰਮ ਹੀ ਕਰੇ ਪਰ ਮਾਪੇ ਕੀ ਜਾਨਣ ਕਿ ਕਬੀਰ ਜੀ ਤਾਂ ਉਸ ਘਾਟ ਪੁਜ ਗਏ ਸਨ ਜਿਥੇ ਅਲਹੁ-ਰਾਮ ਦਾ ਅੰਤਰ ਨਹੀਂ ਰਹਿੰਦਾ। ਜਦ ਇਕ ਵਾਰੀ ਉਨ੍ਹਾਂ 'ਕਬੀਰ ਪੂੰਗਰਾ ਅਲਹ-ਰਾਮ ਕਾ' ਕਹਿਆ ਤਾਂ ਕੁਝ ਕਟੜ ਮੁਸਲਮਾਨਾਂ ਨੇ ਕਾਫਰ ਗਰਦਾਨਿਆ। ਆਪ ਜੀ ਨੇ ਸਮਝਾਇਆ ਭਲੇ ਲੋਕੋ ਕਾਫਰ ਤਾਂ ਉਹ ਹੁੰਦਾ ਹੈ ਜੋ ਅਲਾਹ ਦੀ ਹੋਂਦ ਤੋਂ ਮੁਨਕਰ ਹੋਵੇ, ਕਿਸੇ ਦਾ ਦਿਲ ਦੁਖਾਵੇ, ਸਾਧੂ ਦਾ ਭੇਖ ਧਾਰ ਲੋਕਾਂ ਨੂੰ ਲੁਟੇ, ਕਿਰਤ ਛੱਡ ਪਰਦਰਭ ਹਿਰੈ, ਆਤਮਘਾਤੀ ਹੋਵੇ, ਬਾਟ ਮਾਰ ਹੋਵੇ ਤੇ ਜੀਆ ਘਾਤ ਕਰੇ।' ਇਹ ਹੀ ਕਬੀਰ ਜੀ ਦੀ ਬਾਣੀ ਦੇ ਮੁਢਲੇ ਸਿਧਾਂਤ ਹਨ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭ ਜੁਗ ਉਪਜਿਆ ਕਉਨ ਭਲੇ ਕੋ ਮੰਦੇ॥
- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349

ਭਗਤ ਕਬੀਰ ਜੀ 1518 ਈ. ਵਿਚ ਅਕਾਲ ਚਲਾਣਾ ਕਰ ਗਏ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਠਾਰਾਂ ਰਾਗਾਂ ਵਿਚ 297 ਸ਼ਬਦ ਤੇ ਅਸਟਪਦੀਆਂ ਅਤੇ 243 ਸਲੋਕ ਦਰਜ ਹਨ।

ਭਗਵਾਨ ਸਿੰਘ
ਲੁਬਾਣਾ
ਪ੍ਰਧਾਨ ਬਮਸਲ ਫਾਉਂਡੇਸ਼ਨ
ਚੰਡੀਗੜ੍ਹ
98155-40240



ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ।।

ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ

ਮਹਾਨ ਵਿਦਿਆਦਾਨੀ ਅਤੇ ਸਿੱਖੀ ਦੇ ਬੇਜੋੜ ਥੰਮ



ਮਹਾਨ ਪੁਰਸ਼, ਬਾਲ ਬ੍ਰਹਮਚਾਰੀ, ਰਾਜਯੋਗੀ, ਵਿਦਿਆਦਾਨੀ, ਬ੍ਰਹਮਗਿਆਨੀ ਲੁਬਾਣਾ ਕੌਮ ਦੇ ਮਹਾਨ ਰਹਿਬਰ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦਾ ਜਨਮ 1939 ਬਿਕਰਮੀ ਸੰਮਤ, ਸੰਨ 1882 ਵਿਚ ਕੱਤਕ ਦੀ ਸੰਗਰਾਂਦ ਵਾਲੇ ਦਿਨ ਮਾਤਾ ਨਿਹਾਲ ਕੌਰ ਦੀ ਕੁਖੋਂ ਪਿਤਾ ਵਸਾਵਾ ਸਿੰਘ ਦੇ ਘਰ ਪਿੰਡ ਖੋੜੀ ਦੁੱਨਾ ਸਿੰਘ ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਚ ਹੋਇਆ। ਅਜੇ ਆਪ ਜੀ ਬਹੁਤ ਛੋਟੀ ਆਯੂ ਦੇ ਸਨ ਕਿ ਮਾਤਾ ਜੀ ਚਲਾਣਾ ਕਰ ਗਏ। ਪਿਤਾ ਵਸਾਵਾ ਸਿੰਘ ਜੀ ਨੇ ਦੂਜੀ ਸ਼ਾਦੀ ਕਰ ਲਈ। ਆਪ ਜੀ ਦੀ ਪਾਲਣਾ ਪੋਸ਼ਣਾ ਮੁੱਖ ਤੌਰ 'ਤੇ ਆਪ ਜੀ ਦੇ ਦਾਦਾ ਸ. ਅਰੂੜ ਸਿੰਘ ਜੀ ਨੇ ਕੀਤੀ। ਦਾਦਾ ਅਰੂੜ ਸਿੰਘ ਖੁਦ ਗੁਰੂ ਘਰ ਦੇ ਅਨਿਨ ਸ਼ਰਧਾਲੂ, ਗੁਰਮਤਿ ਦੇ ਗਿਆਨੀ ਅਤੇ ਗੁਰਬਾਣੀ ਦੇ ਅਭਿਆਸੀ ਸਨ। ਬਾਲਕ ਪ੍ਰੇਮ ਸਿੰਘ ਨੇ ਦਾਦਾ ਅਰੂੜ ਸਿੰਘ ਦੀ ਛਤਰ ਛਾਇਆ ਹੇਠ ਗੁਰਮੁਖੀ ਅਤੇ ਗੁਰਬਾਣੀ ਦੀ ਸੋਝੀ ਪਾਈ। ਬਚਪਨ ਵਿਚ ਹੀ ਸਾਧੂ ਸੁਭਾਅ, ਨਿਰਮਲ ਸੋਚ ਅਤੇ ਗੁਰਬਾਣੀ ਪ੍ਰਤੀ ਲਗਨ ਨੂੰ ਦਾਦਾ ਅਰੂੜ ਸਿੰਘ ਜੀ ਦੀ ਅੱਖ ਨੇ ਪਛਾਣ ਲਿਆ ਅਤੇ ਹਰ ਵੇਲੇ ਲੋਕ ਸੇਵਾ ਤੇ ਗੁਰੂ ਮੱਤ ਦੇ ਧਾਰਨੀ ਬਾਲਕ ਪ੍ਰੇਮ ਸਿੰਘ ਨੂੰ ਮੁਰਾਲੇ ਵਿਖੇ ਸੰਤ ਬਿਸ਼ਨ ਸਿੰਘ ਜੀ ਦੇ ਡੇਰੇ ਛੱਡ ਆਏ।

ਮੁਰਾਲੇ ਪਹੁੰਚ ਕੇ ਬਾਲਕ ਪ੍ਰੇਮ ਸਿੰਘ ਨੂੰ ਉਨ੍ਹਾਂ ਦੀ ਗੁਰੂ ਨਾਮ ਦੀ ਭੁੱਖ ਅਤੇ ਸੰਗਤ ਦੀ ਸੇਵਾ ਕਰਨ ਦੇ ਸੁਭਾਅ ਨੂੰ ਜਿਵੇਂ ਸਭ ਕੁਝ ਹੀ ਪ੍ਰਾਪਤ ਹੋ ਗਿਆ ਹੋਵੇ। ਡੇਰੇ ਵਿਚ ਲੰਗਰ ਤਿਆਰ ਕਰਵਾਉਣਾ, ਜੂਠੇ ਬਰਤਨ ਸਾਫ਼ ਕਰਨੇ, ਸੰਤ ਮਹਾਂਪੁਰਸ਼ਾਂ ਨੂੰ ਇਸ਼ਨਾਨ ਕਰਵਾਉਣਾ ਹਰ ਵੇਲੇ ਨਾਮ ਸਿਮਰਨ ਕਰਨਾ ਹੀ ਉਨ੍ਹਾਂ ਦਾ ਰੋਜ਼ਾਨਾ ਦਾ ਕਾਜ ਵਿਹਾਰ ਬਣ ਗਿਆ ਸੀ। ਸਿਮਰਨ ਕਰਦੇ ਪ੍ਰਮਾਤਮਾ ਨਾਲ ਇਕਮਿਕ ਹੋ ਜਾਣਾ ਤੇ ਲੰਗਰ ਲਈ ਆਟਾ ਤਿਆਰ ਕਰਨ ਵਾਲੀ ਚੱਕੀ ਆਪਣੇ ਆਪ ਚਲਦੀ ਜਾਣੀ ਦੇ ਕੌਤਿਕ ਸੰਤ ਬਿਸ਼ਨ ਸਿੰਘ ਜੀ ਨੇ ਆਪ ਤੱਕਣੇ ਅਤੇ ਆਪਣੀ ਬਜ਼ੁਰਗ ਅਵਸਥਾ ਵਿਚ ਡੇਰੇ ਦੀ ਸੇਵਾ ਦਾ ਕਾਰਜ ਬਾਲਕ ਪ੍ਰੇਮ ਸਿੰਘ ਨੂੰ ਸੌਂਪ ਕੇ ਸੰਤ ਪ੍ਰੇਮ ਸਿੰਘ ਬਨਾਉਣਾ, ਪਰਮ ਪਿਤਾ ਪ੍ਰਮਾਤਮਾ ਦੀ ਬਖਸ਼ਿਸ਼ ਨੂੰ ਸੰਪੂਰਨ ਰੂਪ ਦੇਣਾ ਹੀ ਸੀ।

ਸੰਤ ਬਿਸ਼ਨ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸੰਤ ਪ੍ਰੇਮ ਸਿੰਘ ਜੀ ਨੇ ਡੇਰਾ ਮੁਰਾਲੇ ਦੀ ਸੇਵਾ ਸੰਭਾਲਦਿਆਂ ਸਿੱਖੀ ਦੀ ਪ੍ਰਫੁੱਲਤਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਡੇਰੇ ਵਿਚ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ, ਸੰਤ ਬਾਬਾ ਭਾਗ ਸਿੰਘ ਜੀ, ਸੰਤ ਪ੍ਰਾਹੁਣਾ ਸਿੰਘ ਜੀ ਤੋਂ ਇਲਾਵਾ ਕਈ ਹੋਰ ਮਹਾਂਪੁਰਸ਼ ਆਪ ਜੀ ਦੇ ਗੁਰ ਭਾਈ ਸਨ। ਸੰਤ ਪ੍ਰੇਮ ਸਿੰਘ ਜੀ ਨੇ ਬਹੁਤ ਵੱਡੇ ਪੱਧਰ ਤੇ ਅੰਮ੍ਰਿਤਪਾਨ ਕਰਵਾਉਣ ਦਾ ਬੀੜਾ ਉਠਾਇਆ। ਲੁਬਾਣਾ ਬਰਾਦਰੀ ਵਿਚ ਕਈ ਥਾਈਂ ਹੁੱਕਾ ਪੀਣ ਦਾ ਰਿਵਾਜ਼ ਸੀ, ਲੋਕਾਂ ਦਾ ਪਹਿਰਾਵਾ ਗੁਰਸਿੱਖਾਂ ਦੇ ਪਹਿਰਾਵੇ ਤੋਂ ਬਿਲਕੁਲ ਉਲਟ ਸੀ। ਔਰਤਾਂ ਸ਼ਿਕਲੀਗਰ ਔਰਤਾਂ ਵਾਂਗ ਘੱਗਰੇ ਪਾਉਂਦੀਆਂ ਸਨ। ਸੰਤ ਪ੍ਰੇਮ ਸਿੰਘ ਜੀ ਨੇ ਲੁਬਾਣਾ ਬਰਾਦਰੀ ਦੇ ਪਿੰਡਾਂ ਵਿਚ ਵੱਡੇ ਪੱਧਰ ਤੇ ਅੰਮ੍ਰਿਤਪਾਨ ਕਰਵਾਇਆ। ਲੋਕਾਂ ਦੇ ਪਹਿਰਾਵੇ ਨੂੰ ਬਦਲਵਾਇਆ। ਜਿਸ ਪਿੰਡ ਵੀ ਜਾਂਦੇ ਅੰਮ੍ਰਿਤ ਤਿਆਰ ਕਰਵਾਇਆ ਜਾਂਦਾ ਅਤੇ ਸੰਤ ਮਹਾਰਾਜ ਦੀ ਪ੍ਰੇਰਨਾ ਸਦਕਾ ਸਾਰੇ ਦਾ ਸਾਰਾ ਨਗਰ ਹੀ ਅੰਮ੍ਰਿਤ ਛਕ ਕੇ ਸਿੱਖੀ ਵਿਚ ਪ੍ਰਵੇਸ਼ ਕਰਦਾ। ਸੰਤ ਮਹਾਰਾਜ ਦੀ ਦੀ ਸਿੱਖੀ ਨੂੰ ਇਹ ਦੇਣ ਦਾ ਕੋਈ ਸਾਨੀ ਨਹੀਂ ਹੈ। ਸਾਰੀ ਦੀ ਸਾਰੀ ਲੁਬਾਣਾ ਬਰਾਦਰੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਾਉਣਾ। ਸਿੱਖੀ ਅਸੂਲਾਂ ਅਤੇ ਸਿੱਖ ਰਹਿਤ ਮਰਿਆਦਾ ਨੂੰ ਪੂਰੀ ਤਰ੍ਹਾਂ ਲਾਗੂ ਕਰਵਾ ਕੇ ਸਮਾਜ ਵਿਚੋਂ ਕੁਰੀਤੀਆਂ ਖਤਮ ਕਰਨ ਦੇ ਯਤਨ ਕਰਕੇ ਸਾਰੀ ਬਰਾਦਰੀ ਨੂੰ ਗੁਰੂ ਆਸ਼ੇ ਅਤੇ ਗੁਰੂ ਮੱਤ ਅਨੁਸਾਰ ਚੱਲਣ ਦੀ ਪ੍ਰੇਰਨਾ ਦੇਣ ਕਾਰਨ ਜੇਕਰ ਸੰਤ ਪ੍ਰੇਮ ਸਿੰਘ ਜੀ ਨੂੰ ਸਿੱਖੀ ਦਾ ਮਹਾਨ ਥੰਮ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੈ।

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ
(ਸੇਵਾ ਮੁਕਤ)
ਸੰਪਾਦਕ
98141-28181



ਮਹਾਨ ਪਰਉਪਕਾਰੀ ਸੰਤ ਪ੍ਰੇਮ ਸਿੰਘ ਜੀ ਨੇ ਜਿਥੇ ਲੁਬਾਣਾ ਬਰਾਦਰੀ ਦਾ ਧਾਰਮਿਕ ਅਧਿਆਤਮਕ ਅਤੇ ਸੱਭਿਆਚਾਰਕ ਪੱਧਰ ਉਚਾ ਕੀਤਾ ਉਥੇ ਉਨ੍ਹਾਂ ਨੂੰ ਇਸ ਬਰਾਦਰੀ ਦਾ ਆਰਥਿਕ ਪੱਧਰ ਅਤੇ ਆਉਣ ਵਾਲੇ ਸਮੇਂ ਵਿਚ ਸਮਾਜਿਕ ਰੁੱਤਬਾ ਉਚਾ ਚੁੱਕਣ ਦਾ ਫਿਕਰ ਵੀ ਬਰਾਬਰ ਸੀ। ਸੰਤ ਜੀ ਨੇ ਇਸ ਕਾਰਜ ਲਈ ਕਈ ਪੱਖਾਂ ਤੋਂ ਜ਼ਰੂਰ ਵਿਚਾਰ ਕੀਤਾ ਹੋਵੇਗਾ। ਆਪ ਜੀ ਦੀ ਉਚੀ ਅਧਿਆਤਮਕ ਪੱਧਰ ਦੀ ਸੋਚ, ਸਮਾਜਿਕ ਕਦਰਾਂ ਕੀਮਤਾਂ ਅਤੇ ਦੁਨਿਆਵੀ ਤਜ਼ਰਬੇ ਤੋਂ ਉਹਨਾਂ ਇਹ

ਨਤੀਜਾ ਕੱਢਿਆ ਕਿ ਬਰਾਦਰੀ ਦੇ ਬੱਚਿਆਂ ਨੂੰ ਵਿੱਦਿਆ ਗ੍ਰਹਿਣ ਕਰਵਾਈ ਜਾਵੇ। ਵਿੱਦਿਆ ਲਈ ਵਿਦਿਆ ਮੰਦਰ ਖੋਹਲੇ ਜਾਣ ਤਾਂ ਪੜ੍ਹ ਲਿਖ ਕੇ ਆਉਣ ਵਾਲੇ ਸਮੇਂ ਵਿਚ ਬਰਾਦਰੀ ਆਪਣਾ ਆਰਥਿਕ ਤੇ ਸਮਾਜਿਕ ਪੱਧਰ ਆਪਣੇ ਆਪ ਉਚਾ ਕਰ ਲਵੇਗੀ। ਬਹੁਤ ਦੂਰਅੰਦੇਸ਼ੀ ਤੇ ਕਰਾਮਾਤੀ ਸੋਚ ਸੀ। ਸੋਚੋ, ਜੋ ਪੁਰਖ ਆਪ ਕਦੀ ਵੀ ਦੁਨਿਆਵੀ ਪੜ੍ਹਾਈ ਕਰਨ ਲਈ ਕਿਸੇ ਸਕੂਲ ਨਹੀਂ ਗਿਆ, ਉਹ ਵੀ ਅੰਗਰੇਜ਼ ਦੇ ਰਾਜ ਭਾਗ ਵਿਚ, ਜਿਸ ਦੀ ਸੋਚ ਨੂੰ ਹਿੰਦੁਸਤਾਨੀਆਂ ਦੀ ਅਕਲੀ ਬਡੋਤਰੀ ਕਿਸੇ ਤਰ੍ਹਾਂ ਵੀ ਰਾਸ ਨਹੀਂ ਆਉਂਦੀ ਸੀ। ਉਸ ਵੇਲੇ ਇਹ ਸੋਚ ਸੋਚਣੀ ਤੇ ਉਸ ਉਤੇ ਠੋਕ ਕੇ ਪਹਿਰਾ ਦੇਣਾ ਅਤੇ ਪੂਰੀ ਕਰਕੇ ਵਿਖਾਉਣੀ ਕਿਸੇ ਕਰਾਮਾਤ ਤੋਂ ਘੱਟ ਨਹੀਂ ਹੋ ਸਕਦੀ। ਸੰਤ ਪ੍ਰੇਮ ਸਿੰਘ ਜੀ ਨੇ ਬਰਾਦਰੀ ਦੇ ਪਿੰਡਾਂ ਵਿਚ ਹੇਠ ਲਿਖੇ ਅਨੁਸਾਰ ਚਾਰ ਹਾਈ ਸਕੂਲ ਖੋਹਲੇ।

1. ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਟਾਂਡਾ ਜ਼ਿਲ੍ਹਾ ਗੁਜਰਾਤ

2. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬਾਬਕਵਾਲ ਜ਼ਿਲ੍ਹਾ ਸ਼ੇਖੁਪੁਰਾ

3. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਖੜੀ ਦੁੱਨਾ ਸਿੰਘ ਜ਼ਿਲ੍ਹਾ ਗੁਜਰਾਤ

4. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਭਟਨੂਰਾ ਲੁਬਾਣਾ ਜ਼ਿਲ੍ਹਾ ਜਲੰਧਰ

ਦੇਸ਼ ਦੀ ਵੰਡ ਤੋਂ ਬਾਅਦ ਪਹਿਲੇ ਤਿੰਨ ਸਕੂਲ ਕਰਮਵਾਰ ਮਿਆਣੀ ਅਫਗਾਨਾ, ਮੁਕੇਰੀਆਂ ਅਤੇ ਬੇਗੋਵਾਲ ਵਿਚ ਤਬਦੀਲ ਹੋ ਗਏ ਸਨ ਜੋ ਅੱਜ ਵੀ ਬਰਾਦਰੀ ਦੀ ਸੇਵਾ ਕਰ ਰਹੇ ਹਨ।

ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਮਿਡਲ ਅਤੇ ਪ੍ਰਾਇਮਰੀ ਸਕੂਲ ਵੀ ਖੋਹਲੇ। ਇਹ ਸਕੂਲ ਬਰਾਦਰੀ ਦੇ ਲੋਕਾਂ ਦੇ ਦਾਨ ਨਾਲ ਚਲਦੇ ਸਨ। ਸੰਤ ਪ੍ਰੇਮ ਸਿੰਘ ਜੀ ਦੇ ਹੁਕਮ ਨਾਲ ਦਾਨ ਦੀ ਕੋਈ ਕਮੀ ਨਹੀਂ ਸੀ ਰਹਿੰਦੀ। ਇਹ ਸਕੂਲ ਅੱਜ ਦੇ ਸੰਤ ਸਾਧਾਂ ਦੇ ਮੁਨਾਫ਼ੇ ਲਈ ਚਲਾਏ ਸਕੂਲਾਂ ਵਾਂਗ ਨਹੀਂ ਸਨ। ਬਰਾਦਰੀ ਦੀ ਨਵੀਂ ਪੀੜ੍ਹੀ ਨੂੰ ਵਿੱਦਿਆ ਦੇ ਕੇ ਸਮੁੱਚੀ ਬਰਾਦਰੀ ਨੂੰ ਉਚਾ ਚੁੱਕਣ ਦੀ ਪਵਿੱਤਰ ਸੋਚ ਨਾਲ ਲਬਰੇਜ ਭਾਵਨਾ ਨਾਲ ਇਹ ਬੀੜਾ ਚੁੱਕਿਆ ਗਿਆ ਸੀ। ਜਿਸ ਦਾ ਬਰਾਦਰੀ ਨੂੰ ਬਹੁਤ ਫਾਇਦਾ ਹੋਇਆ।

ਸਮਾਜ ਨੂੰ ਧਾਰਮਿਕ, ਵਿੱਦਿਅਕ ਅਤੇ ਸੱਭਿਆਚਾਰਕ ਸੇਧ ਦੇਣ ਦੇ ਨਾਲ-ਨਾਲ ਸੰਤ ਪ੍ਰੇਮ ਸਿੰਘ ਜੀ ਨੇ ਬਰਾਦਰੀ ਸਮੇਤ ਸਮੁੱਚੇ ਸਿੱਖ ਜਗਤ ਵਿਚੋਂ ਸਮਾਜਿਕ ਕੁਰੀਤੀਆਂ ਦੂਰ ਕਰਨ ਦਾ ਬੀੜਾ ਚੁੱਕਿਆ। ਬਰਾਦਰੀ ਦੇ ਮੁੱਖ ਪਿੰਡਾਂ ਵਿਚ ਵਿਹਾਰ ਸੁਧਾਰ ਕਾਨਫਰੰਸਾਂ ਕੀਤੀਆਂ ਗਈਆਂ। ਵਿਆਹਾਂ ਵਿਚ ਨਜਾਇਜ਼ ਖਰਚੇ, ਬਰਾਤ ਠਹਿਰਨ ਦੇ ਦਿਨਾਂ ਤੇ ਪਾਬੰਦੀ, ਦਹੇਜ ਤੇ ਪਾਬੰਦੀ, ਮਰਨੇ 'ਤੇ ਇਕੱਠ ਕਰਨ ਦੀ ਮਨਾਹੀ ਆਦਿ ਲਈ ਲੋਕਾਂ ਨੂੰ ਪ੍ਰੇਰਿਆ ਗਿਆ।

ਸਿੱਖ ਧਰਮ ਨੂੰ ਵਡਮੁਲੀਆਂ ਦੇਣਾਂ ਦੇਣ ਕਾਰਨ, ਸੰਨ 1936 ਵਿਚ ਆਪ ਜੀ ਨੂੰ ਪਹਿਲੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਾਇਆ ਗਿਆ ਅਤੇ ਆਪ ਆਪਣੀ ਸਾਰੀ ਜ਼ਿੰਦਗੀ ਸਿੱਖਾਂ ਦੀ ਮਹਾਨ ਸੰਸਥਾ ਦੇ ਮੈਂਬਰ ਰਹੇ। ਕਾਰਜਕਾਰਨੀ ਮੈਂਬਰ ਵੀ ਰਹੇ। ਸਿੱਖ ਰਹਿਤ ਮਰਿਆਦਾ ਕਮੇਟੀ ਦੇ ਵੀ ਆਪ ਮੈਂਬਰ ਸਨ। ਆਪ ਜੀ ਨੇ ਹਰਿਮੰਦਰ ਸਾਹਿਬ ਦੇ ਲਹਿੰਦੇ ਪਾਸੇ ਦੇ ਪੱਖ ਦੀ ਸੇਵਾ ਵੀ ਕਰਵਾਈ। ਡੇਰਾ ਮੁਰਾਲਾ ਸਾਹਿਬ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ ਇਸ ਸੇਵਾ ਦਾ ਨਿਸ਼ਾਨ ਪੱਥਰ ਅੱਜ ਵੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਹਰ ਕੀ ਪੌੜੀ ਦੀ ਲਹਿੰਦੇ ਪਾਸੇ ਦੀ ਦੀਵਾਰ ਦੇ ਬਾਹਰਵਾਰ ਲੱਗਾ ਹੋਇਆ ਹੈ।

ਬਰਾਦਰੀ ਦਾ ਕੋਈ ਵੀ ਸ਼ਖ਼ਸ ਜਦ ਉਸ ਨੂੰ ਵੇਖਦਾ ਪੜ੍ਹਦਾ ਹੈ ਤਾਂ ਧੰਨ



ਧੰਨ ਸੰਤ ਪ੍ਰੇਮ ਸਿੰਘ ਕਹਿ ਕੇ ਮਾਣ ਜਿਹਾ ਮਹਿਸੂਸ ਕਰਦਾ ਹੈ। ਆਪ ਜੀ ਦੋ ਵਾਰ ਪੰਜਾਬ ਅਸੰਬਲੀ ਦੇ ਮੈਂਬਰ ਰਹੇ। ਬਜ਼ੁਰਗ ਦੱਸਦੇ ਹਨ ਕਿ ਵੋਟਾਂ ਵਾਲੇ ਬਕਸਿਆਂ ਵਿਚੋਂ ਵੋਟ ਦੇ ਨਾਲ ਨੱਥੀ ਕੀਤੇ ਨੋਟ ਵੀ ਨਿਕਲਦੇ ਸਨ ਜੋ ਸੰਗਤ ਦੀ ਆਪ ਜੀ ਪ੍ਰਤੀ ਸ਼ਰਧਾ ਅਤੇ ਪ੍ਰੇਮ ਦਾ ਸਬੂਤ ਸੀ। ਬਹੁਤ ਹੀ ਨਿਮਰਤਾ ਅਤੇ ਘੱਟ ਬੋਲਣ ਵਾਲੇ ਸੰਤ ਪ੍ਰੇਮ ਸਿੰਘ ਜੀ ਬੜੀ ਵਿਸ਼ਾਲ ਅਤੇ ਠੋਸ ਸੋਚ ਦੇ ਮਾਲਕ ਸਨ। ਦੇਸ਼ ਦੀ ਵੰਡ ਤੋਂ ਬਾਅਦ ਲੁਬਾਣਾ ਬਰਾਦਰੀ ਦੇ ਭਵਿੱਖ ਦੀ ਫ਼ਿਕਰ ਕਰਦੇ ਹੋਏ ਫੈਸਲਾ ਕੀਤਾ ਕਿ ਸਾਰੀ ਬਰਾਦਰੀ ਨੂੰ ਇਕੋ ਇਲਾਕੇ ਵਿਚ ਇਕੱਠਾ ਬਿਠਾਇਆ ਜਾਵੇ। ਸੋਚ ਸਮਾਜਿਕ ਅਤੇ ਰਾਜਨੀਤਕ ਵੀ ਸੀ। ਬਰਾਦਰੀ ਦੇ ਲੋਕਾਂ ਵੱਲੋਂ ਆਪਸੀ ਵਿਆਹ ਸ਼ਾਦੀਆਂ ਦੇ ਰਿਸ਼ਤੇ ਨੇੜੇ ਹੀ ਹੋ ਜਾਣਗੇ। ਦੂਰ-ਦੁਰਾਡੇ ਦੇ ਫਾਲਤੂ ਖਰਚ ਨਹੀਂ ਉਠਾਉਣੇ ਪੈਣਗੇ। ਰਾਜਨੀਤਕ ਪਿੜ ਵਿਚ ਵੀ ਆਪਣਾ ਕੋਈ ਨੁਮਾਇਦਾ ਚੁਣ ਲਿਆ ਕਰਨਗੇ। ਗਿਆਨੀ ਹਰਚਰਨ ਸਿੰਘ ਜੀ ਨੰਗਲ ਲੁਬਾਣੇ ਵਲੋਂ ਜੋ ਸੰਤ ਮਹਾਰਾਜ ਦੇ ਬਹੁਤ ਨਿਕਟਵਰਤੀ ਸਨ, ਦੀ ਸਲਾਹ ਦਾ ਵੀ ਅਸਰ ਸੀ ਕਿ ਕਪੂਰਥਲੇ ਜ਼ਿਲ੍ਹੇ ਦੀ ਭੁਲੱਥ ਤਹਿਸੀਲ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਜਿੱਥੇ ਲੁਬਾਣਾ ਬਰਾਦਰੀ ਦੇ ਪਹਿਲੇ ਹੀ ਕਾਫੀ ਪਿੰਡ ਹਨ। ਇਸ ਲਈ ਸੰਤ ਮਹਾਰਾਜ ਇਸ ਇਲਾਕੇ ਵਿਚ ਹੀ ਬਰਾਦਰੀ ਨੂੰ ਇਕੱਠੇ ਬਿਠਾਉਣ ਦਾ ਫੈਸਲਾ ਕਰਨ। ਇਲਾਕੇ ਵਿਚੋਂ ਮੁਸਲਮਾਨਾਂ ਦੇ ਕਾਫੀ ਪਿੰਡ ਖਾਲੀ ਹੋ ਰਹੇ ਸਨ। ਸੰਤ ਮਹਾਰਾਜ ਨੇ ਬਰਾਦਰੀ ਨੂੰ ਇਥੇ ਬਿਠਾਉਣ ਦਾ ਫੈਸਲਾ ਕਰ ਲਿਆ। ਸੰਤਾਂ ਨੇ ਖੁਦ ਬੇਗੋਵਾਲ ਡੇਰੇ ਲਾ ਲਏ। ਸਭ ਪਾਸੇ ਇਸ ਇਲਾਕੇ ਵਿਚ ਬੈਠਣ ਦੇ ਸੁਨੇਹੇ ਭੇਜੇ ਗਏ। ਸ. ਈਸ਼ਰ ਸਿੰਘ ਮਝੈਲ ਮੁੜ ਵਸਾਊ ਮਹਿਕਮੇ ਦੇ ਵਜ਼ੀਰ ਸਨ। ਸੰਤ ਮਹਾਰਾਜ ਨੇ ਉਨ੍ਹਾਂ ਨੂੰ ਕਹਿ ਕੇ ਕਪੂਰਥਲੇ ਜ਼ਿਲ੍ਹੇ ਦੀ ਭੁਲੱਥ ਤਹਿਸੀਲ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਦਾ ਇਲਾਕਾ ਲੁਬਾਣਾ ਬਰਾਦਰੀ ਦੇ ਲੋਕਾਂ ਨੂੰ ਵਸਾਉਣ ਲਈ ਰੱਖਵਾ ਲਿਆ। ਸੰਤਾਂ ਦੇ ਸੁਨੇਹੇ ਨੂੰ ਹੁਕਮ ਮੰਨਦੇ ਹੋਏ ਬਰਾਦਰੀ ਦੇ ਲੋਕ ਮੁਕੇਰੀਆਂ ਤੋਂ ਸੁਭਾਨਪੁਰ ਤੱਕ ਦੇ ਪਿੰਡਾਂ ਵਿਚ ਬੈਠਣੇ ਸ਼ੁਰੂ ਹੋ ਗਏ। ਤਹਿਸੀਲ ਭੁਲੱਥ ਅਤੇ ਦਸੂਹਾ ਦਾ ਇਲਾਕਾ ਦਰਿਆ ਬਿਆਸ ਦੀ ਮਾਰ ਹੇਠ ਸੀ, ਜ਼ਮੀਨ ਕੁਝ ਕਲਰਾਠੀ ਦੇ ਕੁਝ ਛੋਟੀਆਂ-ਛੋਟੀਆਂ ਕਿੱਕਰਾਂ ਝਾੜੀਆਂ ਨਾਲ ਭਰੀ ਬੇਅਬਾਦ ਸੀ। ਸੰਗਤਾਂ ਨੇ ਖਦਸ਼ੇ ਵੀ ਜ਼ਾਹਰ ਕੀਤੇ ਪ੍ਰੰਤੂ ਸੰਤ ਮਹਾਰਾਜ ਜੀ ਜਵਾਬ ਵਿਚ ਕਹਿੰਦੇ ਸਨ ਤੁਸੀਂ ਦੇਖਿਓ ਇਹੀ ਜ਼ਮੀਨਾਂ ਸੋਨਾ ਉਗਲਣਗੀਆਂ ਅਤੇ ਇਥੇ ਸੜਕਾਂ ਦੇ ਜਾਲ ਵਿਛਣਗੇ। ਤੁਸੀਂ ਇਥੇ ਹੀ ਬਹੁਤ ਤਰੱਕੀਆਂ ਕਰੋਗੇ। ਸੰਤਾਂ ਉਤੇ ਅਥਾਹ ਭਰੋਸੇ ਨਾਲ ਬਰਾਦਰੀ ਦੇ ਲੋਕਾਂ ਵੱਲੋਂ ਜ਼ਮੀਨਾਂ ਅਬਾਦ ਕਰਨ ਦੀ ਅਣਥੱਕ ਮਿਹਨਤ ਕਰਨ ਕਾਰਨ ਸੰਤ ਮਹਾਰਾਜ ਦੇ ਬੋਲ ਸੱਚ ਹੋਏ।

ਲੁਬਾਣਾ ਬਰਾਦਰੀ ਦੇ ਬਗੀਚੇ ਦਾ ਮਾਲੀ ਜਿਹੜਾ ਇਕ ਇਕ ਪੱਤੇ, ਇਕ ਇਕ ਬੂਟੇ ਤੇ ਡਾਲੀਆਂ ਦੀ ਸਾਰ ਲੈਂਦਾ ਸੀ, ਦਿਨ ਰਾਤ ਹਰ ਵੇਲੇ

ਆਪਣੀ ਬਰਾਦਰੀ ਦੇ ਭਲੇ ਲਈ ਫ਼ਿਕਰਮੰਦ ਰਹਿੰਦਾ ਸੀ। ਜਿਸ ਨੂੰ ਲੁਬਾਣਾ ਬਰਾਦਰੀ ਦਾ ਹਰ ਸਖ਼ਸ਼ ਦੱਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਆਪਣਾ ਰਹਿਬਰ ਅਤੇ ਪੈਗੰਬਰ ਮੰਨਦਾ ਸੀ ਤੇ ਅੱਜ ਵੀ ਮੰਨਦਾ ਹੈ ਅਤੇ ਸਤਿਕਾਰ ਦਿੰਦਾ ਹੈ, ਮਿਤੀ 2 ਜੂਨ 1950 ਨੂੰ ਆਪਣੇ ਪਿਆਰਿਆਂ ਨੂੰ ਵਿਲਕਦੇ ਅਤੇ ਮੁਰਝਾਏ ਛੱਡ ਕੇ ਜਲ ਕਾ ਜਲ ਹੁਆ ਰਾਮ ਵਾਂਗ ਪ੍ਰਮਾਤਮਾ ਨਾਲ ਇਕਮਿਕ ਹੋ ਗਏ। ਡੇਰਾ ਸੰਤ ਪ੍ਰੇਮ ਸਿੰਘ ਜੀ ਬੇਗੋਵਾਲ ਵਿਖੇ ਆਪ ਜੀ ਦੀ ਸਲਾਨਾ ਬਰਸੀ ਹਰ ਸਾਲ 1, 2 ਅਤੇ 3 ਜੂਨ ਨੂੰ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਮਨਾਈ ਜਾਂਦੀ ਹੈ।

ਸੰਤ ਪ੍ਰੇਮ ਸਿੰਘ ਜੀ ਦੇ ਪ੍ਰਲੋਕ ਗਮਨ ਤੋਂ ਬਾਅਦ ਡੇਰੇ ਦੇ ਸ਼ੁਭਚਿੰਤਕਾਂ ਅਤੇ ਨਿਰਮਲ ਭੇਖ ਦੁਆਰਾ ਸੰਤ ਮਹਾਰਾਜ ਦੇ ਸਭ ਤੋਂ ਨਜ਼ਦੀਕੀ ਭਗਤ ਸਰਦਾਰ ਸਿੰਘ ਨੂੰ ਡੇਰੇ ਦਾ ਮੁਖੀ ਥਾਪਿਆ ਗਿਆ। ਕਿਉਂ ਜੋ ਭਗਤ ਸਰਦਾਰ ਸਿੰਘ ਲੁਬਾਣਾ ਬਰਾਦਰੀ ਵਿਚੋਂ ਨਹੀਂ ਸਨ ਇਸ ਲਈ ਬਰਾਦਰੀ ਦੇ ਸੱਜਣਾਂ ਨੇ ਸੰਤ ਪ੍ਰੇਮ ਸਿੰਘ ਜੀ ਦੇ ਛੋਟੇ ਭਰਾਤਾ ਬਾਵਾ ਹਰਨਾਮ ਸਿੰਘ ਨੂੰ ਡੇਰੇ ਦਾ ਅਗਲਾ ਮੁਖੀ ਥਾਪਣ ਦੀ ਮੁਹਿੰਮ ਛੇੜੀ। ਕੁਝ ਵਿਰੋਧਤਾ ਬਾਅਦ ਕਾਮਯਾਬੀ ਮਿਲ ਗਈ ਤੇ ਭਗਤ ਸਰਦਾਰ ਸਿੰਘ ਦੀ ਜਗ੍ਹਾ ਬਾਵਾ ਹਰਨਾਮ ਸਿੰਘ ਨੂੰ ਡੇਰੇ ਦਾ ਮੁਖੀ ਥਾਪ ਦਿੱਤਾ ਗਿਆ। ਬਰਾਦਰੀ ਵੱਲੋਂ ਹੋਲੀ-ਹੋਲੀ ਬਾਵਾ ਹਰਨਾਮ ਸਿੰਘ ਜੀ ਨੂੰ ਡੇਰਾ ਮੁਖੀ ਪ੍ਰਵਾਨ ਕਰ ਲਿਆ ਅਤੇ ਉਨ੍ਹਾਂ ਵੱਲੋਂ ਲੜੀਆਂ ਪੰਜਾਬ ਵਿਧਾਨ ਸਭਾ ਲਈ ਪੰਜ ਚੋਣਾਂ ਵਿਚੋਂ ਦੋ ਵਾਰ ਫਤਹਿ ਦਿਵਾਈ। ਬਾਵਾ ਜੀ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ 1969-70 ਵਾਲੀ ਸਰਕਾਰ ਵਿਚ ਜੰਗਲਾਤ ਰਾਜ ਮੰਤਰੀ ਵੀ ਰਹੇ। ਸੰਤ ਪ੍ਰੇਮ ਸਿੰਘ ਜੀ ਦੀ ਸਾਰੀ ਜ਼ਮੀਨੀ ਜਾਇਦਾਦ ਅਤੇ ਬੈਂਕ ਵਿਚ ਪਈ ਨਕਦੀ, ਸੰਤਾਂ ਦੇ ਨਾਮ ਨਾਲ ਵਲਦੀਅਤ ਲਿਖੀ ਹੋਣ ਕਾਰਨ ਅਦਾਲਤ ਰਾਹੀਂ ਬਾਵਾ ਹਰਨਾਮ ਸਿੰਘ ਨੂੰ ਮਿਲ ਗਈ। ਸੰਤ ਮਹਾਰਾਜ ਦੀ ਸੰਸਕਾਰ ਸਥਾਨ 'ਤੇ ਬਣੀ ਯਾਦਗਾਰ ਬੜੀ ਛੋਟੀ ਅਤੇ ਬਾਲਿਆਂ ਦੀ ਛੱਤ ਵਾਲੀ ਸੀ। ਬਰਾਦਰੀ ਦੇ ਹਰ ਇਕੱਠ ਅਤੇ ਸੰਤਾਂ ਦੀ ਬਰਸੀ ਮੌਕੇ ਬਰਾਦਰੀ ਦੇ ਸਿਰਕੱਢ ਸੱਜਣਾਂ ਅਤੇ ਆਮ ਸੰਗਤਾਂ ਵਿਚ ਸੰਤਾਂ ਦੀ ਯਾਦਗਾਰ ਉਨ੍ਹਾਂ ਦੇ ਕੱਦ ਬੁੱਤ ਦੇ ਬਰਾਬਰ ਦੀ ਨਾ ਹੋਣ ਦੀ ਗੱਲ ਵੀ ਛਿੜਦੀ। ਬਰਾਦਰੀ ਦੇ ਮੋਹਤਬਰ ਸੱਜਣਾਂ ਨੇ ਕਈ ਵਾਰ ਬਾਵਾ ਜੀ ਪਾਸ ਸੰਤਾਂ ਦੀ ਯਾਦਗਾਰ ਨੂੰ ਸੁੰਦਰ ਅਤੇ ਵੱਡੀ ਬਨਾਉਣ ਦੀ ਮੰਗ ਵੀ ਰੱਖੀ ਪ੍ਰੰਤੂ ਕਿਸੇ ਵੀ ਕਾਰਨਾਂ ਵੱਸ ਬਾਵਾ ਹਰਨਾਮ ਸਿੰਘ ਜੀ ਇਸ ਅਸਥਾਨ ਨੂੰ ਸੁੰਦਰ ਅਤੇ ਵੱਡਾ ਕਰਨ ਦਾ ਫੈਸਲਾ ਨਾ ਲੈ ਸਕੇ। ਸੰਨ 1980 ਈ. ਵਿਚ ਬਾਵਾ ਜੀ ਦੀ ਮੌਤ ਹੋ ਗਈ। ਬਾਵਾ ਜੀ ਦੇ ਸਪੁੱਤਰ ਬਾਵਾ ਵਰਿੰਦਰ ਸਿੰਘ ਅਤੇ ਬਾਵਾ ਚਰਨਜੀਤ ਸਿੰਘ ਸਨ। ਬਾਵਾ ਹਰਨਾਮ ਸਿੰਘ ਜੀ ਦੇ ਭੋਗ ਤੇ ਬਰਾਦਰੀ ਦੇ ਮੋਹਤਬਰ ਸੱਜਣਾਂ ਅਤੇ ਪਰਿਵਾਰ ਦੀ ਸਹਿਮਤੀ ਨਾਲ ਬਾਵਾ ਵਰਿੰਦਰ ਸਿੰਘ ਨੂੰ ਡੇਰਾ ਮੁਖੀ ਦੀ ਪੱਗ ਬਨਵਾਈ ਗਈ ਅਤੇ ਬਾਵਾ ਚਰਨਜੀਤ ਸਿੰਘ ਨੂੰ ਬਾਵਾ ਜੀ ਦੀ ਸਿਆਸਤ ਅਤੇ ਸਕੂਲਾਂ ਆਦਿ ਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਬਾਵਾ ਜੀ ਦੇ ਜੀਵਨ ਕਾਲ ਵਿਚ ਹੀ ਦੋਨੋਂ ਭਰਾਵਾਂ ਦੀਆਂ ਸ਼ਾਦੀਆਂ ਹੋ ਗਈਆਂ ਸਨ। ਬਾਵਾ ਚਰਨਜੀਤ ਸਿੰਘ ਦੀ ਸ਼ਾਦੀ ਬੀਬੀ ਜਗੀਰ ਕੌਰ ਸਪੁੱਤਰੀ ਸ. ਗਿਰਧਾਰਾ ਸਿੰਘ ਵਾਸੀ ਭਟਨੂਰਾ ਲੁਬਾਣਾ ਜ਼ਿਲ੍ਹਾ ਜਲੰਧਰ ਨਾਲ ਸਾਲ 1979 ਵਿਚ ਹੋਈ। ਬੀਬੀ ਜਗੀਰ ਕੌਰ ਜੀ ਉਸ ਵੇਲੇ ਸਰਕਾਰੀ ਗਰਲਜ ਸਕੂਲ ਬੇਗੋਵਾਲ ਵਿਚ ਹਿਸਾਬ ਦੇ ਵਿਸ਼ੇ ਦੇ ਅਧਿਆਪਕ ਸਨ। ਆਪ ਜੀ ਦੇ ਘਰ ਦੋ ਬੇਟੀਆਂ ਨੇ ਜਨਮ ਲਿਆ। ਜ਼ਿੰਦਗੀ ਆਪਣੀ ਰਫ਼ਤਾਰ ਨਾਲ ਬੜੀ ਸੋਹਣੀ ਚਲ ਰਹੀ ਸੀ ਕਿ ਅਚਾਨਕ ਬਾਵਾ ਚਰਨਜੀਤ ਸਿੰਘ ਨੂੰ ਸਿਰ ਵਿਚ ਦਰਦ ਰਹਿਣ ਲੱਗ ਪਿਆ। ਟੈਸਟ ਹੋਣ ਤੇ ਪਤਾ ਚੱਲਿਆ ਕਿ ਸਿਰ ਵਿਚ ਦਿਮਾਗ਼ ਦੇ ਨਜ਼ਦੀਕ ਰਸੌਲੀ ਹੈ। ਬੜਾ ਇਲਾਜ ਹੋਇਆ। ਬਾਵਾ ਚਰਨਜੀਤ ਸਿੰਘ ਵੱਲੋਂ ਸਕੂਲਾਂ ਦੇ ਪ੍ਰਬੰਧ ਚਲਾਉਂਦਿਆਂ ਉਨ੍ਹਾਂ ਦੀ ਨੇੜਤਾ ਮਾਸਟਰ ਬਲਵੀਰ ਸਿੰਘ ਜੋ ਕਿ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬੇਗੋਵਾਲ ਵਿਚ ਹੀ ਸਰੀਰਕ ਸਿੱਖਿਆ ਅਧਿਆਪਕ ਸੀ, ਨਾਲ ਦੋਸਤਾਂ ਵਾਂਗ ਬਣ ਗਈ। ਸਕੂਲ ਨਾਲ ਸੰਬੰਧਤ ਸਾਰੇ ਕੰਮਾਂ ਵਿਚ ਮਾਸਟਰ ਬਲਬੀਰ ਸਿੰਘ ਬਾਵਾ ਚਰਨਜੀਤ ਸਿੰਘ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੋਇਆ ਅਤੇ ਉਨ੍ਹਾਂ ਦੀ ਬੀਮਾਰੀ ਵੇਲੇ ਵੀ ਹਰ ਤਰ੍ਹਾਂ ਦੇ ਇਲਾਜ ਲਈ ਦੂਰ-ਦੁਰਾਡੇ ਤੱਕ ਪਰਿਵਾਰ ਦੇ ਨਾਲ ਰਿਹਾ। ਬਾਵਾ ਚਰਨਜੀਤ ਸਿੰਘ ਬੀਮਾਰੀ ਤੋਂ ਜਿੱਤ ਨਾ ਸਕੇ ਅਤੇ 1983 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਬਾਵਾ ਚਰਨਜੀਤ ਸਿੰਘ ਜੀ ਦੇ ਭੋਗ ਤੇ ਬੀਬੀ ਜਗੀਰ ਕੌਰ ਜੀ ਨੂੰ ਬਾਵਾ ਚਰਨਜੀਤ ਸਿੰਘ ਵੱਲੋਂ ਚਲਾਏ ਜਾ ਰਹੇ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬੇਗੋਵਾਲ ਦਾ ਮੁਖੀ ਥਾਪ ਦਿੱਤਾ। ਬੀਬੀ ਜੀ ਨੇ ਆਪਣੀ ਸਰਕਾਰੀ ਨੌਕਰੀ ਜਾਰੀ ਰੱਖੀ। ਸਮੁੱਚੀ ਬਰਾਦਰੀ ਅਤੇ ਬਰਾਦਰੀ ਦੇ ਮੋਹਤਬਰ ਸੱਜਣ ਜਿਨ੍ਹਾਂ ਦੀ ਦਿਲੀ ਤਮੰਨਾ ਸੀ ਕਿ ਸੰਤ ਪ੍ਰੇਮ ਸਿੰਘ ਜੀ ਦੀ ਯਾਦਗਾਰ ਉਨ੍ਹਾਂ ਜਿੱਡੀ ਵੱਡੀ ਅਤੇ ਸੁੰਦਰ ਬਣੇ। ਉਨ੍ਹਾਂ ਨੇ ਇਹ ਮੰਗ ਡੇਰਾ ਮੁਖੀ ਦੀ ਗੱਦੀ ਤੇ ਬੈਠੇ ਬਾਵਾ ਵਰਿੰਦਰ ਸਿੰਘ ਪਾਸ ਰੱਖਣੀ ਸ਼ੁਰੂ ਕਰ ਦਿੱਤੀ। ਬਾਵਾ ਵਰਿੰਦਰ ਸਿੰਘ ਨੇ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਜੋ ਮੰਗ ਮੇਰੇ ਪਿਤਾ ਬਾਵਾ ਹਰਨਾਮ ਸਿੰਘ ਜੀ ਨੇ ਨਹੀਂ ਮੰਨੀ ਸੀ ਉਸ ਨਾਲ ਮੈਂ ਵੀ ਸਹਿਮਤ ਨਹੀਂ ਹੋ ਸਕਦਾ। ਲੋਕ ਨਿਰਾਸ਼ ਸਨ, ਮੰਨ ਵਿਚ ਜੋਸ਼ ਸੀ ਕਿ ਯਾਦਗਾਰ ਨੂੰ ਵੱਡੀ ਕਰਨ ਵਾਲੀ ਜਗ੍ਹਾ ਜੋ ਅਸੀਂ ਮੰਗ ਰਹੇ ਹਾਂ ਉਹ ਤਾਂ ਸੰਤ ਪ੍ਰੇਮ ਸਿੰਘ ਜੀ ਦੀ ਵਿਰਾਸਤ ਵਿਚ ਲਈ ਗਈ ਜ਼ਮੀਨ ਵਿਚੋਂ ਮੰਗ ਰਹੇ ਹਾਂ। ਯਾਦਗਾਰ ਵੱਡੀ ਹੋਣ ਤੇ ਸ਼ਰਧਾ ਨਾਲ ਜੋ ਚੜ੍ਹਾਵਾ ਅਤੇ ਆਮਦਨ ਵਗੈਰਾ ਵੱਧਣੀ ਹੈ ਉਹ ਤਾਂ ਇਨ੍ਹਾਂ ਨੇ ਹੀ ਲੈਣੀ ਹੈ। ਬਰਾਦਰੀ ਦੇ ਲੋਕਾਂ ਨੂੰ ਆਮਦਨੀ ਦਾ ਹਿਸਾਬ ਲੈਣ ਦੀ ਕੋਈ ਜ਼ਰੂਰਤ ਨਹੀਂ ਸਿਰਫ਼ ਮੰਨ ਵਿਚਲੀ ਵੱਡੀ ਸ਼ਰਧਾ ਅਨੁਸਾਰ ਵੱਡੀ ਯਾਦਗਾਰ ਬਣ ਜਾਵੇ। ਸਾਰਾ ਪ੍ਰਬੰਧ ਇਹ ਆਪ ਹੀ ਚਲਾਉਣ। ਬਾਵਾ ਵਰਿੰਦਰ ਸਿੰਘ ਦੇ ਨਾਂਹ ਕਰਨ 'ਤੇ ਬਰਾਦਰੀ ਦੇ ਮੋਹਤਬਰ ਅਤੇ ਆਮ ਸੰਗਤ ਬੜੀ ਨਿਰਾਸ਼ ਹੋ ਗਈ। ਡੇਰੇ ਵਿਚ ਲੋਕਾਂ ਦਾ ਆਉਣ ਜਾਣ ਘੱਟ ਗਿਆ। ਲੰਗਰ ਦੀ ਪ੍ਰਥਾ ਬੰਦ ਹੋ ਗਈ। ਇੰਜ ਲੱਗਦਾ ਸੀ ਕਿ ਸੰਤ ਪ੍ਰੇਮ ਸਿੰਘ ਜੀ ਦੇ ਸ਼ਰਧਾਲੂਆਂ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਮਨ੍ਹਾਂ ਵਿਚ ਵਸਾ ਕੇ ਆਪਣੀ ਘਰ ਦੀ ਚਾਰ ਦੀਵਾਰੀ ਵਿਚ ਹੀ ਉਨ੍ਹਾਂ ਪ੍ਰਤੀ ਸ਼ਰਧਾ ਅਤੇ ਪਿਆਰ ਨੂੰ ਸੀਮਤ ਕਰ ਲਿਆ ਸੀ। ਡੇਰਾ ਸਿਰਫ਼ ਬਾਵਿਆਂ ਦਾ ਘਰ 'ਕੋਠੀ' ਹੀ ਰਹਿ ਗਿਆ ਸੀ।

ਮਾਸਟਰ ਬਲਬੀਰ ਸਿੰਘ, ਜੋ ਬਾਅਦ ਵਿਚ ਡੇਰੇ ਦੇ ਮੈਨੇਜਰ ਵੀ ਰਹੇ ਬੜੀ ਤੀਖਣ ਸਿਆਸੀ ਬੁੱਧੀ, ਲੰਬੀ ਦੂਰਦਰਸ਼ੀ ਸੋਚ ਅਤੇ ਵਧੀਆ ਵਿਉਂਤਬੰਦੀ ਵਾਲਾ ਦਿਮਾਗ਼ ਰੱਖਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਬਰਾਦਰੀ ਦੇ ਲੋਕਾਂ ਦੇ ਦਿਲਾਂ ਅੰਦਰ ਸੰਤ ਪ੍ਰੇਮ ਸਿੰਘ ਜੀ ਦਾ ਕੀ ਅਸਥਾਨ ਹੈ। ਬਾਵਾ ਹਰਨਾਮ ਸਿੰਘ ਜੀ ਨੇ ਆਖਰੀ ਚੋਣ 1971 ਵਿਚ ਲੜੀ ਸੀ। ਹਲਕਾ ਭੁਲੱਥ ਦੇ ਸਿਆਸੀ ਅਖਾੜੇ ਵਿਚ ਵੀ ਪਰਿਵਾਰ ਦਾ ਰੋਲ ਹੁਣ ਨਾਂਹ ਦੇ ਬਰਾਬਰ ਹੀ ਰਹਿ ਗਿਆ ਸੀ। ਬਾਵਾ ਵਰਿੰਦਰ ਸਿੰਘ ਵੱਲੋਂ ਬਰਾਦਰੀ ਦੀ ਸੰਤਾ ਦੀ ਵੱਡੀ ਯਾਦਗਾਰ ਬਨਾਉਣ ਦੀ ਮੰਗ ਤੋਂ ਇਨਕਾਰ ਕਰਨ ਤੋਂ ਬਾਅਦ ਕੁਝ ਮੋਹਤਬਰ ਸੱਜਣਾਂ ਦੀ ਸਲਾਹ ਹੁਣ ਬਾਵਾ ਚਰਨਜੀਤ ਸਿੰਘ ਦੀ ਵਿਧਵਾ ਬੀਬੀ ਜਗੀਰ ਕੌਰ ਨੂੰ ਯਾਦਗਾਰ ਲਈ ਜ਼ਮੀਨ ਦੇਣ ਬਾਰੇ ਪੁੱਛਣ ਦੀ ਬਣ ਰਹੀ ਸੀ ਕਿਉਂ ਜੋ ਉਸ ਪਾਸ ਵੀ ਸੰਤ ਪ੍ਰੇਮ ਸਿੰਘ ਜੀ ਦੀ ਵਿਰਸੇ ਵਿਚ ਮਿਲੀ ਜਾਇਦਾਦ ਦਾ ਬਰਾਬਰ ਹਿੱਸਾ ਸੀ। ਮਾਸਟਰ ਬਲਬੀਰ ਸਿੰਘ ਦੀ ਸ਼ਾਦੀ ਬੀਬੀ ਜਗੀਰ ਕੌਰ ਦੀ ਛੋਟੀ ਭੈਣ ਨਾਲ ਹੋ ਚੁੱਕੀ ਸੀ। ਇਲਾਕੇ ਦੀਆਂ ਸੰਗਤਾਂ ਅਤੇ ਮੋਹਤਬਰ ਸੱਜਣਾਂ ਨੇ ਜਦ ਇਹ ਮੰਗ ਬੀਬੀ ਜਗੀਰ ਕੌਰ ਅੱਗੇ ਰੱਖੀ ਤਾਂ ਉਨ੍ਹਾਂ ਇਸ ਨੂੰ

ਸੰਤ ਪ੍ਰੇਮ ਸਿੰਘ ਦੀਆਂ ਸੰਗਤਾਂ ਦਾ ਹੁਕਮ ਮੰਨ ਕੇ ਬਿਨਾਂ ਕਿਸੇ ਦੇਰੀ ਦੇ ਆਪਣੇ ਹਿੱਸੇ ਵਿਚੋਂ ਦੋ ਏਕੜ ਜ਼ਮੀਨ ਸੰਤ ਪ੍ਰੇਮ ਸਿੰਘ ਜੀ ਦੀ ਸੁੰਦਰ ਆਲੀਸ਼ਾਨ ਯਾਦਗਾਰ ਬਨਾਉਣ ਲਈ ਦਾਨ ਦੇਣ ਦਾ ਫੈਸਲਾ ਕਰ ਲਿਆ। ਇਸ ਪ੍ਰਵਾਨਗੀ ਵਿਚ ਮਾਸਟਰ ਬਲਬੀਰ ਸਿੰਘ ਦਾ ਬੜਾ ਵੱਡਾ ਰੋਲ ਸੀ।

ਦਾਸ ਲੇਖਕ ਉਹਨੀਂ ਦਿਨੀਂ ਬੇਰੁਜ਼ਗਾਰ ਸੀ ਤੇ ਆਪਣੇ ਪਰਿਵਾਰ ਲਈ ਰੋਟੀ ਦਾ ਜੁਗਾੜ ਕਰਨ ਲਈ ਆਪਣੇ ਪਿੰਡ ਬੇਗੋਵਾਲ ਵਿਚ ਹੀ ਇਕ ਛੋਟਾ ਜਿਹਾ ਸਕੂਲ ਚਲਾਉਂਦਾ ਸੀ। ਸਕੂਲ ਅਤੇ ਕਾਲਜ ਦੀ ਮੁੱਢਲੀ ਪੜ੍ਹਾਈ ਦੇ ਦਿਨਾਂ ਤੋਂ ਮਾਸਟਰ ਬਲਬੀਰ ਸਿੰਘ ਦੀ ਚੰਗੀ ਵਾਕਫ਼ੀਅਤ ਸੀ, ਜੋ ਬਾਅਦ ਵਿਚ ਭਰਾਵਾਂ ਵਰਗੇ ਪਿਆਰ ਵਿਚ ਤਬਦੀਲ ਹੋਈ।

ਇਲਾਕੇ ਦੇ ਮੋਹਤਬਰ ਸੱਜਣਾਂ ਦੇ ਨਾਲ ਦਾਸ ਵੀ ਰਜਿਸਟਰੀ ਵੇਲੇ ਹਾਜ਼ਰ ਸੀ। ਗੁਰਦੁਆਰਾ ਲੋਹ ਲੰਗਰ ਸੰਤ ਪ੍ਰੇਮ ਸਿੰਘ ਜੀ ਦੇ ਨਾਮ ਤੇ ਰਜਿਸਟਰੀ ਹੋ ਗਈ ਅਤੇ ਰਜਿਸਟਰੀ ਦੀ ਇਬਾਰਤ ਵਿਚ ਹੀ ਬੀਬੀ ਜਗੀਰ ਕੌਰ ਨੂੰ ਗੁਰਦੁਆਰੇ ਦੀ ਤਾਅ-ਜ਼ਿੰਦਗੀ ਪ੍ਰਧਾਨ ਲਿਖ ਦਿੱਤਾ ਗਿਆ। ਪੁਰਾਣੀ ਇਮਾਰਤ ਦੇ ਖਸਰਾ ਨੰਬਰਾਂ ਸਮੇਤ ਦੋ ਏਕੜ ਜ਼ਮੀਨ ਸੰਤ ਪ੍ਰੇਮ ਸਿੰਘ ਜੀ ਦੀ ਯਾਦਗਾਰ ਬਨਾਉਣ ਲਈ ਸੰਗਤਾਂ ਨੂੰ ਮਿਲ ਗਈ।

ਬੀਬੀ ਜੀ ਨੇ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਸੰਤਾਂ ਦੀ ਯਾਦਗਾਰ ਦੀ ਆਲੀਸ਼ਾਨ ਇਮਾਰਤ ਬਨਾਉਣ ਦੇ ਕਾਰਜ ਨੂੰ ਸੰਪੂਰਨ ਕਰਨ ਲਈ ਸਾਰਾ ਸਮਾਂ ਲਗਾਉਣ ਦਾ ਤਹੱਈਆ ਕਰ ਲਿਆ। ਸੇਵਾ ਹਰ ਇਕ ਮਨੁੱਖ ਨੂੰ ਨਹੀਂ ਮਿਲਦੀ। ਜਿਸ ਦੇ ਮੱਥੇ ਤੇ ਚੰਗੇ ਭਾਗਾਂ ਦੀਆਂ ਲਕੀਰਾਂ ਹੋਣ ਸੇਵਾ ਉਸ ਨੂੰ ਹੀ ਮਿਲਦੀ ਹੈ। ਬਾਵਾ ਹਰਨਾਮ ਸਿੰਘ ਜੀ ਜਾਂ ਬਾਵਾ ਵਰਿੰਦਰ ਸਿੰਘ ਨੂੰ ਸੰਤਾਂ ਦੀ ਯਾਦਗਾਰ ਬਨਾਉਣ ਦੀ ਸੇਵਾ ਜਾਂ ਜੱਸ ਨਹੀਂ ਸੀ ਮਿਲਣਾ। ਉਹ ਇਹ ਕਾਰਜ ਨਾ ਕਰ ਸਕੇ। ਬੀਬੀ ਜਗੀਰ ਕੌਰ ਜੀ ਨੇ ਆਪਣੇ ਮੁੱਢਲੇ ਸਾਥੀਆਂ ਦੀ ਟੀਮ ਨਾਲ ਇਸ ਕਾਰਜ ਨੂੰ ਬੜੇ ਜ਼ੋਰ ਅਤੇ ਜੋਸ਼ ਨਾਲ ਸ਼ੁਰੂ ਕੀਤਾ।

ਬੀਬੀ ਜੀ ਦੀ ਮੁੱਢਲੀ ਟੀਮ ਵਿਚ ਪ੍ਰਧਾਨ ਜਗੀਰ ਸਿੰਘ ਬੇਗੋਵਾਲ, ਸ. ਦਲੀਪ ਸਿੰਘ ਟਿੱਬਾ, ਗਿਆਨੀ ਸੰਗਤ ਸਿੰਘ ਟਿੱਬਾ, ਸ. ਤਾਰਾ ਸਿੰਘ ਮਹੰਤ, ਸ. ਆਸਾ ਸਿੰਘ ਮਹੰਤ, ਜਥੇਦਾਰ ਅਰਜਨ ਸਿੰਘ, ਡਰਾਈਵਰ ਹਰਨਾਮ ਸਿੰਘ, ਡਰਾਈਵਰ ਨਿਰੰਜਨ ਸਿੰਘ, ਜਥੇਦਾਰ ਗਿਆਨ ਸਿੰਘ ਅਕਬਰਪੁਰ, ਬਾਪੂ ਸ਼ਿੰਗਾਰਾ ਸਿੰਘ ਬੇਗੋਵਾਲ, ਬਾਬਾ ਬਲਵੰਤ ਸਿੰਘ, ਜਗਜੀਤ ਸਿੰਘ ਡਾਲਾ, ਗਿਆਨੀ ਕਰਤਾਰ ਸਿੰਘ ਭਦਾਸ, ਸ. ਉਜਾਗਰ ਸਿੰਘ ਕਮਲਾ ਸਾਰਾ ਪਰਿਵਾਰ, ਮੁਖਤਿਆਰ ਸਿੰਘ ਮੁਰੱਬੀਆ ਦਾ ਸਾਰਾ ਪਰਿਵਾਰ, ਹੋਰ ਕਈ ਸੱਜਣਾਂ ਤੋਂ ਇਲਾਵਾ ਦਾਸ ਸੁਰਿੰਦਰ ਸਿੰਘ ਰੂਬੀ ਵੀ ਸ਼ਾਮਲ ਸੀ। ਬੜੀਆਂ ਮੁਸ਼ਕਲਾਂ ਤਕਲੀਫ਼ਾਂ ਆਈਆਂ। ਪਰ ਬੀਬੀ ਜਗੀਰ ਕੌਰ ਦੀ ਠੋਸ, ਸੁਘੜ ਅਤੇ ਦ੍ਰਿੜ੍ਹਤਾ ਭਰੀ ਅਗਵਾਈ ਉਤੇ ਸੰਤ ਪ੍ਰੇਮ ਸਿੰਘ ਜੀ ਨੇ ਅਤੇ ਗੁਰੂ ਮਹਾਰਾਜ ਨੇ ਖੁਦ ਆਪਣੀ ਕ੍ਰਿਪਾਲਤਾ ਭਰੀ ਨਜ਼ਰ ਰੱਖੀ। ਪਿੰਡ ਪਿੰਡ ਉਗਰਾਹੀਆਂ ਕੀਤੀਆਂ ਗਈਆਂ। ਖਰਚਾ ਬਹੁਤ ਵੱਡਾ ਸੀ। ਬੀਬੀ ਜੀ ਨੇ ਅਮਰੀਕਾ ਅਤੇ ਹੋਰ ਦੇਸ਼ਾਂ ਵਿਚੋਂ ਉਗਰਾਹੀ ਇਕੱਠੀ ਕਰਕੇ ਲਿਆਂਦੀ। ਸੁੰਦਰ ਯਾਦਗਾਰ ਦੀ ਇਮਾਰਤ ਜਦ ਦਿਸਣ ਲੱਗ ਪਈ ਤਾਂ ਜੋ ਥੋੜ੍ਹੀ ਬਹੁਤ ਵਿਰੋਧਤਾ ਸੀ ਉਹ ਵੀ ਖਤਮ ਹੋ ਗਈ। ਅੱਜ ਸੰਤ ਪ੍ਰੇਮ ਸਿੰਘ ਜੀ ਦੀ ਸੁੰਦਰ ਯਾਦਗਾਰ ਦੀ ਇਮਾਰਤ ਬਣੀ ਹੈ ਉਸ ਤੋਂ ਇਲਾਵਾ ਦੀਵਾਨ ਅਸਥਾਨ ਦੀ ਇਮਾਰਤ ਅਤੇ ਐਨ.ਆਰ.ਆਈ. ਅਤੇ ਹੋਰ ਸੱਜਣਾਂ ਦੇ ਸਹਿਯੋਗ ਨਾਲ ਲੰਗਰ ਹਾਲ ਦੀ ਵਧੀਆ ਇਮਾਰਤ ਬਣੀ ਹੈ ਇਹ ਸਭ ਕੁਝ ਬੀਬੀ ਜਗੀਰ



ਕੌਰ ਜੀ ਦੀ ਸੁਘੜ ਅਤੇ ਸੁਯੋਗ ਅਗਵਾਈ ਦਾ ਹੀ ਨਤੀਜਾ ਹੈ। ਜੋ ਇਕ ਸਮੇਂ ਸੰਗਤਾਂ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਹਿਰਦੇ ਅਤੇ ਘਰਾਂ ਵਿਚ ਹੀ ਸੀਮਤ ਕਰ ਲਿਆ ਸੀ। ਅੱਜ ਬੀਬੀ ਜਗੀਰ ਕੌਰ ਨੇ ਸੰਗਤਾਂ ਨੂੰ ਡੇਰਾ ਸੰਤ ਪ੍ਰੇਮ ਸਿੰਘ ਨਾਲ ਦੁਬਾਰਾ ਜੋੜ ਲਿਆ ਹੈ।

ਡੇਰੇ ਦੀ ਪਰੰਪਰਾ ਅਨੁਸਾਰ ਹੀ ਬੀਬੀ ਜਗੀਰ ਕੌਰ ਨੇ ਇਲਾਕੇ ਦੀਆਂ ਸੰਗਤਾਂ ਨੂੰ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਅਗਵਾਈ ਦੇਣ ਦਾ ਅਹਿਮ ਕਾਰਜ ਸੰਭਾਲ ਲਿਆ। ਆਪ 1997, 2002 ਅਤੇ 2012 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹਿ ਚੁੱਕੇ ਹਨ। ਆਪ ਜੀ ਪੰਜਾਬ ਸਰਕਾਰ ਦੇ ਕੈਬਨਿਟ ਵਜ਼ੀਰ ਵੀ ਰਹਿ ਚੁੱਕੇ ਹਨ। ਲਗਾਤਾਰ ਪੰਜ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੈਂਬਰ ਅਤੇ ਚਾਰ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਹਨ। ਸ਼੍ਰੋਮਣੀ ਕਮੇਟੀ ਦੀ ਪਹਿਲੀ ਇਸਤਰੀ ਪ੍ਰਧਾਨ ਬਨਣ ਦਾ ਮਾਣ ਵੀ ਆਪ ਨੂੰ ਪ੍ਰਾਪਤ ਹੈ। ਆਪ ਜੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ, ਦਲ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਇਸਤਰੀ ਵਿੰਗ ਦੇ ਪ੍ਰਧਾਨ ਵੀ ਰਹੇ ਹਨ।

ਸੰਗਤ ਨੇ ਮੁਰਾਲਾ ਡੇਰਾ ਨਹੀਂ ਵੇਖਿਆ ਪ੍ਰੰਤੂ ਅੱਜ ਸੰਗਤਾਂ ਨੂੰ ਡੇਰਾ ਸੰਤ ਪ੍ਰੇਮ ਸਿੰਘ ਵਿਚ ਸੰਤ ਮਹਾਰਾਜ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ। ਡੇਰਾ ਬੇਗੋਵਾਲ ਮੁਰਾਲਾ ਡੇਰਾ ਹੀ ਜਾਪਦਾ ਹੈ। ਮੁਰਾਲੇ ਵਾਂਗ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਹਰ ਤਰ੍ਹਾਂ ਦੀ ਅਗਵਾਈ ਮਿਲਦੀ ਹੈ।



ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ



ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਨੇ ਸਾਰਾ ਜੀਵਨ 1882 ਤੋਂ 1950 ਈ. ਤੱਕ ਮਨੁੱਖਤਾ ਦੇ ਭਲੇ ਹਿੱਤ ਲਗਾਇਆ। ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦਾ ਜਨਮ ਅਕਤੂਬਰ 1882 ਈ. ਕੱਤਕ ਦੀ ਸੰਗਰਾਂਦ ਵਾਲੇ ਦਿਨ ਹੋਇਆ। ਉਸ ਸਮੇਂ ਉਨ੍ਹਾਂ ਦੇ ਮਾਤਾ-ਪਿਤਾ ਖੋਂਡੀ ਦੁਨਾ ਸਿੰਘ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਰਹਿੰਦੇ ਸਨ। ਉਨ੍ਹਾਂ ਦੇ ਪਿਤਾ ਸ. ਵਸਾਵਾ ਸਿੰਘ ਅਤੇ ਦਾਦਾ ਸ. ਅਰੂੜ ਸਿੰਘ ਭਾਈ ਲੱਖੀ ਸ਼ਾਹ ਵਣਜਾਰਾ ਦੇ ਭਰਾ ਧਰਮ ਦਾਸ ਦੀ ਸੰਤਾਨ ਸਨ, ਜਿਨ੍ਹਾਂ ਨੇ ਆਪਣੇ ਘਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਕੀਤਾ ਸੀ।

ਮਾਤਾ ਨਿਹਾਲ ਕੌਰ ਜੀ ਜਦੋਂ ਅਕਾਲ ਚਲਾਣਾ ਕਰ ਗਏ ਉਸ ਸਮੇਂ ਆਪ ਜੀ ਦੀ ਉਮਰ ਗਿਆਰਾਂ ਸਾਲ ਸੀ। ਸੰਤ ਪ੍ਰੇਮ ਸਿੰਘ ਜੀ ਦੀ ਪਾਲਣਾ ਦਾਦਾ ਅਰੂੜ ਸਿੰਘ ਦੀ ਰੇਖ-ਰੇਖ ਹੇਠ ਹੋਈ। ਕੁਝ ਸਮੇਂ ਪਿਛੋਂ ਸ. ਅਰੂੜ ਸਿੰਘ ਵੀ ਚੱਲ ਵਸੇ। ਕੁਝ ਸਮੇਂ ਬਾਅਦ ਆਪ ਸੰਤ ਬਿਸ਼ਨ ਸਿੰਘ ਜੀ ਦੇ ਡੇਰੇ ਮੁਰਾਲਾ ਸਾਹਿਬ ਵਿਖੇ ਆ ਗਏ ਅਤੇ ਲੰਗਰ ਦੀ ਸੇਵਾ ਸ਼ੁਰੂ ਕੀਤੀ ਅਤੇ ਜਦੋਂ ਲੰਗਰ ਦੀ ਸੇਵਾ ਤੋਂ ਫ੍ਰੀ ਹੁੰਦੇ ਤਾਂ ਪ੍ਰਭੂ ਸਿਮਰਨ ਵਿਚ ਜੁੜ ਜਾਂਦੇ।

ਬਾਬਾ ਬਿਸ਼ਨ ਸਿੰਘ ਜੀ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਸੇਵਾ ਦੀ ਵੱਡੀ ਕਸਵੱਟੀ ਤੇ ਪਰਖਿਆ, ਜਿਸ ਵਿਚ ਉਹ ਪੂਰੇ ਉਤਰੇ, ਇਸੇ ਕਾਰਨ ਡੇਰੇ ਦੇ ਸਭ ਤੋਂ ਘੱਟ ਉਮਰ ਵਾਲੇ ਸੇਵਕ ਉਮਰ 23 ਸਾਲ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਜੀਵਨ ਕਾਲ ਵਿਚ ਹੀ ਮੁਰਾਲਾ ਡੇਰੇ ਦੀ ਗੁਰਗੱਦੀ ਬਖ਼ਸ਼ਿਸ਼ ਕਰ ਦਿੱਤੀ। ਮੁਰਾਲਾ ਡੇਰੇ ਦੀ ਸੇਵਾ ਸੰਭਾਲ ਦੇ ਨਾਲ-ਨਾਲ ਸੰਤ ਪ੍ਰੇਮ ਸਿੰਘ ਜੀ ਨੇ ਸਿੱਖੀ ਦੇ ਪ੍ਰਚਾਰ ਵਾਸਤੇ ਗੁਰਬਾਣੀ ਦੀ ਮਹੱਤਤਾ ਵੱਲ ਵਿਸ਼ੇਸ਼ ਧਿਆਨ ਦਿੱਤਾ। 1922 ਈ. ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਕਥਾ ਆਰੰਭ ਕੀਤੀ ਜਿਸ ਨੂੰ ਦੋ ਸਾਲਾਂ ਵਿਚ ਸੰਪੂਰਨ ਕੀਤਾ। ਬਾਬਾ ਜੀ ਆਪ ਵੀ ਗੁਰਬਾਣੀ ਦੀ ਕਥਾ ਵਿਚ ਦੌਰਿਆਂ ਸਮੇਂ ਹਜ਼ਾਰਾਂ ਪ੍ਰਾਣੀਆਂ ਨੂੰ ਖੰਡੇ ਸਜਾਇਆ, ਗੁਰੂ ਦੇ ਲੜ ਲਾਇਆ। ਆਪ ਚੁੱਕਣ ਵਾਸਤੇ ਵਿੱਦਿਆ ਦੇ ਖੇਤਰ ਵਿਚ ਸਕੂਲ ਖੋਲ੍ਹੇ ਜਿਨ੍ਹਾਂ ਵਿਚ (ਉ) 1921 ਈ. ਹਾਈ ਸਕੂਲ ਟਾਂਡਾ, ਜ਼ਿਲ੍ਹਾ ਗੁਜਰਾਤ ਹੁਸ਼ਿਆਰਪੁਰ ਵਿਚ ਹੈ। (ਅ) 1944 ਈ. ਬਾਬਕਵਾਲ ਜ਼ਿਲ੍ਹਾ ਸ਼ੇਖੂਪੁਰ (ਪਾਕਿਸਤਾਨ) ਮੁਹਾਰਤ ਰੱਖਦੇ ਸਨ। ਆਪ ਜੀ ਨੇ ਪ੍ਰਚਾਰਕ ਬਾਣੇ ਦਾ ਅੰਮ੍ਰਿਤ ਛਕਾ ਕੇ ਸਿੰਘ ਜੀ ਨੇ ਮਨੁੱਖਤਾ ਦਾ ਜੀਵਨ ਪੱਧਰ ਉੱਚਾ ਭਰਪੂਰ ਯੋਗਦਾਨ ਪਾਇਆ। ਬਹੁਤ ਸਾਰੇ ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਲੁਬਾਣਾ (ਪਾਕਿਸਤਾਨ) ਹੁਣ ਮਿਆਣੀ ਜ਼ਿਲ੍ਹਾ ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਹੁਣ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੈ।(ਏ) 1945 ਈ. ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਖੋਂਡੀ ਦੁਨਾ ਸਿੰਘ ਪਾਕਿਸਤਾਨ ਹੁਣ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਵਿਚ ਹੈ।(ਸ) 1946 ਈ. ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਭਟਨੂਰਾ ਜਲੰਧਰ ਇਹ ਸਕੂਲ 15 ਨਵੰਬਰ 1979 ਨੂੰ ਸਰਕਾਰੀ ਹਾਈ ਸਕੂਲ ਚੱਲ ਰਿਹਾ ਹੈ।(ਹ) 1947 ਵਿਚ ਹੀ ਗੁਰੂ ਨਾਨਕ ਖਾਲਸਾ ਹਾਈ ਸਕੂਲ ਸਰਗੋਧਾ ਵਿਚ ਵੀ ਚਲਾਇਆ ਸੀ, ਇਹ ਸਕੂਲ ਦੇਸ਼ ਦੀ ਵੰਡ ਤੋਂ ਬਾਅਦ ਨਹੀਂ ਖੁਲ੍ਹਿਆ।(ਕ) ਅਨੇਕਾਂ ਮਿਡਲ ਅਤੇ ਪ੍ਰਾਇਮਰੀ ਸਕੂਲਾਂ ਦੀ ਸਥਾਪਨਾ ਵੀ ਆਪ ਨੇ ਕੀਤੀ। ਹਜ਼ਾਰਾਂ ਵਿਦਿਆਰਥੀ ਬਾਬਾ ਜੀ ਦੀ ਜਗਾਈ ਜੋਤ ਤੋਂ ਚਾਨਣ ਪ੍ਰਾਪਤ ਕਰਕੇ ਜੀਵਨ ਦੇ ਵੱਖ-ਵੱਖ ਅਹੁਦਿਆਂ ਤੇ ਬਿਰਾਜਮਾਨ ਹਨ, ਜਿਨ੍ਹਾਂ ਦੇਸ਼ ਤੇ ਕੌਮ ਦੀ ਸੇਵੀ ਕੀਤੀ ਅਤੇ ਕਰ ਰਹੇ ਹਨ। ਬਾਬਾ ਪ੍ਰੇਮ ਸਿੰਘ ਜੀ ਨੇ ਸਮਾਜਕ ਬੁਰਾਈਆਂ ਦੂਰ ਕਰਨ ਵਾਸਤੇ, ਭੈੜੀਆਂ ਤੇ ਕੋਝੀਆਂ ਫਜ਼ੂਲ ਰਸਮਾਂ ਤੋਂ ਬਚਾਉਣ, ਛੂਤ-ਛਾਤ, ਜਾਤ-ਪਾਤ, ਊਚ-ਨੀਚ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ, ਸ਼ਰਾਬਬੰਦੀ ਤੇ ਹੋਰਨਾਂ ਨਸ਼ਿਆਂ ਦਾ ਤਿਆਗ ਕਰਾਉਣ ਲਈ ਕਈ ਕਾਨਫਰੰਸਾਂ ਕੀਤੀਆਂ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਗੁਰਮਤਿ ਮਰਯਾਦਾ ਅਨੁਸਾਰ ਚਾਰ ਲਾਵਾਂ ਅਤੇ ਅਰਦਾਸ ਨਾਲ ਅਨੰਦ ਕਾਰਜ ਕਰਨ ਦਾ ਜ਼ੋਰਦਾਰ ਪ੍ਰਚਾਰ ਕੀਤਾ। ਬਾਬਾ ਜੀ ਅੰਧ ਵਿਸ਼ਵਾਸ, ਵਹਿਮ-ਭਰਮ ਤੇ ਫਾਲਤੂ ਸਮਾਜਿਕ ਰਸਮਾਂ ਦੇ ਸਖ਼ਤ ਵਿਰੋਧੀ ਸਨ। ਇਨ੍ਹਾਂ ਭੈੜੀਆਂ ਰਸਮਾਂ ਤੋਂ ਛੁਟਕਾਰਾ ਦਿਵਾਉਣ ਲਈ ਬਾਬਾ ਜੀ ਜੀਵਨ ਭਰ ਯਤਨਸ਼ੀਲ ਰਹੇ।

ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535



ਸੰਤ ਬਾਬਾ ਪ੍ਰੇਮ ਸਿੰਘ ਜੀ ਚੀਫ ਖਾਲਸਾ ਦੀਵਾਨ ਦੇ ਮੈਂਬਰ ਰਹੇ। 1926 ਈ. ਤੋਂ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ। ਕਾਫੀ ਸਮਾਂ ਐਗਜੈਕਟਿਵ ਮੈਂਬਰ ਵੀ ਰਹੇ। 1937 ਈ. ਵਿਚ ਸੰਤ ਬਾਬਾ ਪ੍ਰੇਮ ਸਿੰਘ ਸਰਗੋਧਾ ਜ਼ਿਲ੍ਹਾ ਗੁਜਰਾਤ ਤੋਂ ਐਮ.ਐਲ.ਏ. ਚੁਣੇ ਗਏ। ਆਪਣੇ ਸਿਆਲੀ ਜੀਵਨ ਵਿਚ ਦੂਜੀ ਵਾਰ 1945 ਈ. ਵਿਚ ਫਿਰ ਆਪ ਐਮ.ਐਲ.ਏ. ਚੁਣੇ ਗਏ ਤੇ ਅਕਾਲ ਚਲਾਣੇ ਤੱਕ ਆਪ ਅਸੈਂਬਲੀ ਦੇ ਮੈਂਬਰ ਸਨ।

ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਉਚੇਚੇ ਯਤਨਾਂ ਨਾਲ ਦੇਸ਼ ਦੀ ਵੰਡ 1947 ਤੋਂ ਪਿਛੋਂ ਲੁਬਾਣਾ ਸਿੱਖਾਂ ਨੂੰ ਬੇਗੋਵਾਲ ਦੇ ਇਲਾਕੇ ਵਿਚ ਵਸਾਇਆ। ਦੋ ਜੂਨ 1950 ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਸੰਗਤਾਂ ਨੂੰ ਸਦਾ ਲਈ ਵਿਛੋੜਾ ਦੇ ਗਏ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਆਪ ਦੇ ਅੰਤਮ ਦਰਸ਼ਨਾਂ ਲਈ ਪੁੱਜੀਆਂ। ਆਓ ਆਪਾਂ ਵੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਜੀਵਨ ਸਫਲ ਕਰੀਏ।

ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਵਿਸ਼ੇਸ਼ ਪ੍ਰਾਪਤੀਆਂ

ਡਾ. ਪ੍ਰੋਫੈਸਰ ਜਸਵੰਤ ਸਿੰਘ ਮੁਰੱਬੀਆ



ਮਹਾਨ ਮਹਾਂਪੁਰਸ਼ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਨੇ ਆਪਣਾ ਸਾਰਾ ਜੀਵਨ 1882 ਤੋਂ 1950 ਈ. ਤੱਕ ਮਨੁੱਖਤਾ ਦੇ ਭਲੇ ਲਈ ਲਗਾਇਆ। 1905 ਈ. ਵਿਚ ਡੇਰਾ ਮੁਰਾਲਾ ਸਾਹਿਬ, ਜੋ ਤਹਿਸੀਲ ਖਾਰੀਆਂ ਜ਼ਿਲ੍ਹਾ ਗੁਜਰਾਤ ਜੋ ਇਸ ਸਮੇਂ ਪਾਕਿਸਤਾਨ ਵਿਚ ਹੈ ਦੀ ਸੇਵਾ ਸੰਭਾਲਣ ਤੋਂ ਬਾਅਦ ਉਹਨਾਂ ਨੇ ਸਿੱਖ ਧਰਮ ਦੇ ਪ੍ਰਚਾਰ, ਸਿੱਖਿਆ ਦੇ ਪ੍ਰਸਾਰ, ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਅਤੇ ਵਹਿਮਾਂ-ਭਰਮਾਂ ਨੂੰ ਖਤਮ ਕਰਨ ਲਈ ਸ਼ਲਾਘਾਯੋਗ ਯਤਨ ਕੀਤੇ। ਇਸ ਕਰਕੇ ਉਹਨਾਂ ਨੂੰ ਪੰਜਾਬ ਦੀ ਧਰਤੀ ਤੇ ਬਹੁਤ ਮਾਨ ਸਤਿਕਾਰ ਮਿਲਿਆ। ਅਸਲ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਨਾਂ, ਕੱਦ, ਕਮਾਈ ਅਤੇ ਦੇਣ ਬਹੁਤ ਵੱਡੀ ਹੈ। ਇਸੇ ਕਰਕੇ ਅੱਜ ਉਹਨਾਂ ਨੂੰ ਦੇਸ਼-ਵਿਦੇਸ਼ ਵਿਚ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਉਹਨਾਂ ਦਾ ਜਨਮ ਦਿਨ ਅਤੇ ਬਰਸੀਆਂ ਦੇਸ਼ ਦੁਨੀਆਂ ਵਿਚ ਬਹੁਤ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਈਆਂ ਜਾਂਦੀਆਂ ਹਨ।

ਉਹਨਾਂ ਨੇ ਸਿੱਖਾਂ ਦੀ ਬਹੁਤ ਮਹੱਤਵਪੂਰਨ ਸਿੰਘ ਸਭਾ ਲਹਿਰ ਅਤੇ ਚੀਫ਼ ਖ਼ਾਲਸਾ ਦੇ ਸਾਰੇ ਵਿਦਿਅਕ ਅਤੇ ਧਾਰਮਿਕ ਪ੍ਰੋਗਰਾਮਾਂ ਨੂੰ ਅਪਨਾਇਆ ਤੇ ਡੱਟ ਕੇ ਪ੍ਰਚਾਰ ਕੀਤਾ। ਇਸ ਕਰਕੇ ਉਹਨਾਂ ਨੂੰ 30 ਮਈ 1920 ਈ. ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਪ੍ਰਚਾਰ ਸਬ-ਕਮੇਟੀ ਅਤੇ 13 ਅਪ੍ਰੈਲ 1922 ਈ. ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਉਪਦੇਸ਼ਕ ਸ਼੍ਰੇਣੀ ਦਾ ਮੈਂਬਰ ਬਣਾਇਆ ਗਿਆ।

1920 ਈ. 1925 ਈ. ਤੱਕ ਸਿੱਖ ਸੰਗਤ ਨੇ ਸਿੱਖਾਂ ਦੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਧਾਰਨ ਲਈ ਭ੍ਰਿਸ਼ਟ ਮਹੰਤਾਂ ਤੇ ਉਹਨਾਂ ਦੀ ਸਹਾਇਤਾ ਕਰ ਰਹੀ ਬਹੁਤ ਹੀ ਸ਼ਕਤੀਸ਼ਾਲੀ ਅੰਗਰੇਜ਼ ਸਰਕਾਰ ਦੇ ਵਿਰੁੱਧ ਲੰਮੀ ਲੜਾਈ ਲੜੀ। 15 ਨਵੰਬਰ 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ 14 ਦਸੰਬਰ 1920 ਨੂੰ ਸ਼੍ਰੋਮਣੀ ਅਕਾਲੀ ਦਲ ਦਾ ਗਠਨ ਕੀਤਾ ਗਿਆ। ਸਿੱਖ ਸੰਗਤ ਜਿਸਨੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਬਹੁਤ ਡੱਟ ਕੇ ਸੰਘਰਸ਼ ਕੀਤਾ ਨੂੰ ਸਫਲਤਾ ਪ੍ਰਾਪਤ ਹੋਈ। 7 ਜੁਲਾਈ 1925 ਈ. ਨੂੰ ਸਿੱਖ ਗੁਰਦੁਆਰਾ ਐਕਟ ਪਾਸ ਕੀਤਾ ਗਿਆ ਜਿਸਨੂੰ ਨਵੰਬਰ 1925 ਵਿਚ ਲਾਗੂ ਕੀਤਾ ਗਿਆ।

ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਬਹੁਤ ਸਰਗਰਮੀ ਨਾਲ ਹਿੱਸਾ ਲਿਆ। ਇਸ ਕਰਕੇ ਉਨ੍ਹਾਂ ਨੂੰ 1922 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਮੈਂਬਰ ਨਾਮਜਦ ਕੀਤਾ ਗਿਆ। ਸਿੱਖ ਗੁਰਦੁਆਰਾ ਐਕਟ ਦੇ ਅਨੁਸਾਰ ਇਹ ਤਹਿ ਕੀਤਾ ਗਿਆ ਕਿ ਸਿੱਖਾਂ ਦੇ ਸਾਰੇ ਇਤਿਹਾਸਿਕ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਕਰੇਗੀ ਤੇ ਉਸ ਦੇ ਮੈਂਬਰਾਂ ਦੀ ਚੋਣ ਸਿੱਖ ਸੰਗਤ ਰਾਹੀਂ ਕੀਤੀ ਜਾਵੇਗੀ। ਸਾਡੇ ਲਈ ਬਹੁਤ ਮਾਨ ਦੀ ਗੱਲ ਹੈ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀਆਂ ਛੇ ਚੋਣਾਂ 1926, 1930, 1933, 1936, 1939 ਅਤੇ 1946 ਵਿਚ ਹੋਈਆਂ। ਛੇ ਵਾਰ ਸ਼੍ਰੋਮਣੀ ਅਕਾਲੀ ਦਲ ਨੇ ਸੰਤਾਂ ਨੂੰ ਉਹਨਾਂ ਦੇ ਆਪਣੇ ਹਲਕੇ ਹਲਕਾ ਨੰਬਰ 97 ਗੁਜਰਾਤ ਤੋਂ ਆਪਣਾ ਉਮੀਦਵਾਰ ਬਣਾਇਆ। ਸਾਰੀਆਂ ਚੋਣਾਂ ਵਿਚ ਉਹਨਾਂ ਨੇ ਬਹੁਤ ਵੱਡੀ ਜਿੱਤ ਪ੍ਰਾਪਤ ਕੀਤੀ। ਉਪਲੱਬਧ ਰਿਕਾਰਡ ਅਨੁਸਾਰ ਸੰਤ ਬਾਬਾ ਪ੍ਰੇਮ ਸਿੰਘ ਜੀ 1946 ਈ. ਵਿਚ ਆਖਰੀ ਚੋਣ ਲੜੀ। ਉਹਨਾਂ ਦੇ ਮੁਕਾਬਲੇ ਸ. ਸੇਵਾ ਸਿੰਘ ਪਿੰਡ ਲਾਲਾਮੁਸਾ ਜ਼ਿਲ੍ਹਾ ਗੁਜਰਾਤ ਨੇ ਕਾਗ਼ਜ਼ ਭਰੇ। ਪਰ ਜਿਸ ਦਿਨ ਕਾਗ਼ਜ਼ਾਂ ਦੀ ਪੜਤਾਲ ਹੋਈ ਸ. ਸੇਵਾ ਸਿੰਘ ਨੇ ਆਪਣੇ ਕਾਗ਼ਜ਼ ਵਾਪਸ ਲੈ ਗਏ। ਆਪਣੇ ਹਲਕੇ ਗੁਜਰਾਤ ਤੋਂ ਬਿਨਾਂ ਮੁਕਾਬਲਾ ਜਿੱਤਣਾ ਇਸ ਗੱਲ ਦਾ ਸਪੱਸ਼ਟ ਸਬੂਤ ਹੈ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਹਰਮਨ ਪਿਆਰਤਾ ਬਹੁਤ ਵੱਧ ਚੁੱਕੀ ਸੀ। 1937 ਈ. ਤੇ 1948 ਈ. ਵਿਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਕਾਰਜਕਾਰਨੀ ਦੇ ਮੈਂਬਰ ਚੁਣੇ ਗਏ।

ਭਾਰਤ ਸਰਕਾਰ ਨੇ 1935 ਦੇ ਐਕਟ ਅਨੁਸਾਰ ਪੰਜਾਬ ਵਿਚ ਬਾਕੀ ਪ੍ਰਾਂਤਾਂ ਦੀ ਤਰ੍ਹਾਂ ਸਵੈ-ਸ਼ਾਸ਼ਨ ਦੀ ਵਿਵਸਥਾ ਲਾਗੂ ਕੀਤੀ। ਪੰਜਾਬ ਵਿਧਾਨ ਸਭਾ ਦੇ ਅਣਵੰਡੇ ਪੰਜਾਬ ਵਿਚ ਕੁਲ 175 ਮੈਂਬਰ ਸਨ। ਇਸਦੀ ਪਹਿਲੀ ਚੋਣ ਫਰਵਰੀ 1937 ਈ. ਵਿਚ ਹੋਈ। ਸ਼੍ਰੋਮਣੀ ਅਕਾਲੀ ਦਲ ਨੇ ਸੰਤ ਬਾਬਾ ਪ੍ਰੇਮ ਸਿੰਘ ਨੂੰ ਉਹਨਾਂ ਦੇ ਆਪਣੇ ਹਲਕੇ ਹਲਕਾ ਨੰਬਰ 144 ਗੁਜਰਾਤ ਤੇ ਸ਼ਾਹਪੁਰ ਸਿੱਖ ਪੇਂਡੂ ਹਲਕੇ ਤੋਂ ਆਪਣਾ ਉਮੀਦਵਾਰ ਬਣਾਇਆ। ਉਹਨਾਂ ਦੇ ਮੁਕਾਬਲੇ ਖ਼ਾਲਸਾ ਨੈਸ਼ਲਿਸਟ ਪਾਰਟੀ ਜਿਸਨੂੰ ਅੰਗਰੇਜ਼ ਸਰਕਾਰ ਦੀ ਸਰਪ੍ਰਸਤੀ ਪ੍ਰਾਪਤ ਸੀ ਨੇ ਸਰਦਾਰ ਬਹਾਦਰ ਸਰਦਾਰ ਹਰਬੰਸ ਸਿੰਘ ਨੂੰ ਆਪਣਾ ਉਮੀਦਵਾਰ ਬਣਾਇਆ। ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਵੋਟਰਾਂ ਦਾ ਭਰਵਾਂ ਸਮਰਥਨ ਪ੍ਰਾਪਤ ਹੋਇਆ। ਇਸ ਕਰਕੇ ਉਹਨਾਂ ਨੇ ਆਪਣੇ ਵਿਰੋਧੀ ਉਮੀਦਵਾਰ ਨੂੰ 3299 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ।

ਪੰਜਾਬ ਵਿਧਾਨ ਸਭਾ ਦੀ ਦੂਜੀ ਚੋਣ ਫਰਵਰੀ 1946 ਈ. ਵਿਚ ਹੋਈ। ਹਲਕੇ ਦੇ ਵੋਟਰਾਂ ਵਿਚ ਉਸ ਸਮੇਂ ਬਹੁਤ ਜ਼ਿਆਦਾ ਉਤਸ਼ਾਹ ਸੀ। ਉਸ ਸਮੇਂ ਵੋਟਰਾਂ ਨੇ ਹੇਠ ਲਿਖੇ ਹਲਫ਼ ਲਏ।

(ਓ) ਸੰਤ ਪ੍ਰੇਮ ਸਿੰਘ ਜੀ ਨੂੰ ਪੈਦਲ ਚੱਲ ਕੇ ਵੋਟਾਂ ਪਾਵਾਂਗੇ।

(ਅ) ਅਸੀਂ ਪੜ੍ਹੇ ਲਿਖੇ ਸੱਜਣ ਪੋਲਿੰਗ ਉੱਤੇ ਅਤੇ ਪਿੰਡਾਂ ਵਿਚ ਘੁੰਮ ਫਿਰ ਕੇ ਆਪ ਪ੍ਰਚਾਰ ਕਰਾਂਗੇ।

(ਏ) ਹਰ ਵੋਟ ਨਾਲ ਇਕ ਰੁਪਿਆ ਸੰਤਾਂ ਦੀ ਨਜ਼ਰ ਕਰਾਂਗੇ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਦੁਬਾਰਾ ਗੁਜਰਾਤ ਅਤੇ ਸ਼ਾਹਪੁਰ ਸਿੱਖ ਪੇਂਡੂ ਹਲਕੇ ਤੋਂ ਆਪਣਾ ਉਮੀਦਵਾਰ ਬਣਾਇਆ। ਉਹਨਾਂ ਦੇ ਮੁਕਾਬਲੇ ਭਾਰਤੀ ਰਾਸ਼ਟਰੀ ਕਾਂਗਰਸ ਪਾਰਟੀ ਨੇ ਸ. ਹਰਭਜਨ ਸਿੰਘ ਨੂੰ ਆਪਣਾ ਉਮੀਦਵਾਰ ਬਣਾਇਆ। ਸੰਤਾਂ ਨੇ ਆਪਣੇ ਵਿਰੋਧੀ ਉਮੀਦਵਾਰ ਨੂੰ 6860 ਵੋਟਾਂ ਦੇ ਬਹੁਤ ਵੱਡੇ ਫਰਕ ਨਾਲ ਹਰਾਇਆ।

ਸੰਤ ਬਾਬਾ ਪ੍ਰੇਮ ਸਿੰਘ ਜੀ ਇਕ ਬਹੁਤ ਹੀ ਹਰਮਨ ਪਿਆਰੇ ਨੇਤਾ ਸਨ। ਇਹੋ ਹੀ ਵਜ੍ਹਾ ਸੀ ਕਿ ਉਹਨਾਂ ਨੂੰ 1922 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਨਾਮਜਦ ਕੀਤਾ ਗਿਆ। ਸਿੱਖ ਗੁਰਦੁਆਰਾ ਐਕਟ ਲਾਗੂ ਹੋਣ 'ਤੇ ਉਹ ਛੇ ਵਾਰ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੈਂਬਰ ਚੁਣੇ ਗਏ। ਉਹਨਾਂ ਦੀ ਇਸ ਵਿਲੱਖਣ ਕਾਮਯਾਬੀ ਸਦਕਾ ਹੀ ਸੰਤ ਜੀ ਨੂੰ ਦੋ ਵਾਰ ਸ਼੍ਰੋਮਣੀ ਕਮੇਟੀ ਦੇ ਕਾਰਜਕਾਰਨੀ ਦੇ ਮੈਂਬਰ ਚੁਣੇ ਗਏ। ਇਸੇ ਤਰ੍ਹਾਂ ਹੀ ਉਹ ਪੰਜਾਬ ਵਿਧਾਨ ਸਭਾ ਦੇ ਆਪਣੇ ਗੁਜਰਾਤ ਅਤੇ ਸ਼ਾਹਪੁਰ ਸਿੱਖ ਪੇਂਡੂ ਹਲਕੇ ਤੋਂ 1937 ਈ. ਅਤੇ 1946 ਈ. ਵਿਚ ਦੋ ਵਾਰ ਬਹੁਤ ਵੱਡੇ ਫਰਕ ਨਾਲ ਜਿੱਤ ਕੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਪੰਜਾਬ ਵਿਧਾਨ ਸਭਾ ਵਿਚ ਉਹਨਾਂ ਨੇ ਆਪਣੇ ਹਲਕੇ ਅਤੇ ਲੁਬਾਣਾ ਬਰਾਦਰੀ ਨਾਲ ਸਬੰਧਤ ਸਾਰੇ ਮਸਲੇ ਬਹੁਤ ਚੰਗੇ ਢੰਗ ਨਾਲ ਉਠਾ ਕੇ ਮਸਲੇ ਹੱਲ ਕਰਵਾਏ।

ਫੁੱਟ ਨੋਟ - 1. ਕਾਰਜ ਸਾਧਕ ਕਮੇਟੀ ਦੀ ਇਕੱਤਰਤਾ 30 ਮਈ 1920 ਨੂੰ ਦੁਪਿਹਰ ਦੇ ਬਾਰ੍ਹਾਂ ਵਜੇ ਦਫ਼ਤਰ ਸ੍ਰੀ ਅੰਮ੍ਰਿਤਸਰ ਜੀ ਵਿਚ ਹੋਈ। ਮਤਾ ਨੰਬਰ 5, ਭਾਈ ਪ੍ਰੇਮ ਸਿੰਘ ਜੀ ਮਹੰਤ ਮੁਰਾਲੇ ਵਾਲਿਆਂ ਨੂੰ ਪ੍ਰਚਾਰ ਸਬ-ਕਮੇਟੀ ਦਾ ਮੈਂਬਰ ਬਣਾਉਣ ਲਈ ਭਾਈ ਕਰਤਾਰ ਸਿੰਘ ਜੀ ਉਪਦੇਸ਼ਕ ਦੀ ਚਿੱਠੀ ਪੇਸ਼ ਹੋ ਕੇ ਆਗਿਆ ਹੋਈ। ਸੰਤ ਜੀ ਸਬ-ਕਮੇਟੀ ਦੇ ਮੈਂਬਰ ਥਾਪੇ ਜਾਣ ਤੇ ਨਾਲੇ ਦੀਵਾਨ ਦੇ ਮੈਂਬਰ ਬਣਾਏ ਜਾਣ ਲਈ ਜਨਰਲ ਕਮੇਟੀ ਪਾਸ ਸਿਫ਼ਾਰਸ਼ ਕੀਤੀ ਜਾਵੇ। ਚੀਫ਼ ਖ਼ਾਲਸਾ ਦੀਵਾਨ ਦੀ ਕਾਰਜ ਸਾਧਕ ਕਮੇਟੀ ਅਤੇ ਜਨਰਲ ਕਮੇਟੀ ਦੀਆਂ ਮੀਟਿੰਗਾਂ ਦੀ ਕਾਰਵਾਈ ਦਾ ਰਜਿਸਟਰ 1920-25, ਪੰਨਾ 265, 370 ਅੱਜ 13 ਅਪ੍ਰੈਲ 1922 ਨੂੰ ਵੀਰਵਾਰ ਦੁਪਿਹਰ ਦੇ ਇਕ ਵਜੇ ਚੀਫ਼ ਖ਼ਾਲਸਾ ਦੀਵਾਨ ਦੀ ਕਾਰਜ ਸਾਧਕ ਤੇ ਜਨਰਲ ਕਮੇਟੀ ਦੀ ਇਕੱਠੀ ਇਕੱਤਰਤਾ ਦੀਵਾਨ ਦੇ ਦਫ਼ਤਰ ਸ੍ਰੀ ਅੰਮ੍ਰਿਤਸਰ ਜੀ ਵਿਚ ਹੋਈ ਮਤਾ ਨੰ. 17 ਮਹੰਤ ਪ੍ਰੇਮ ਸਿੰਘ ਜੀ ਮੁਰਾਲਾ ਮੈਂਬਰ (ਓ) ਸ਼ੁਦੀ। ਚੀਫ਼ ਖ਼ਾਲਸਾ ਦੀਵਾਨ ਦੀ ਕਾਰਜ ਸਾਧਕ ਕਮੇਟੀ ਅਤੇ ਜਨਰਲ ਕਮੇਟੀ ਦੀਆਂ ਮੀਟਿੰਗਾਂ ਦੀ ਕਾਰਵਾਈ ਦਾ ਰਜਿਸਟਰ 1920-25, ਪੰਨਾ 370.

2. ਡਾ. ਅਜੀਤ ਸਿੰਘ ਸ਼੍ਰੋਮਣੀ ਅਕਾਲੀ ਦਲ : ਰਿਲਜੀਉ - ਪੋਲੀਟੀਕਲ ਸਟੱਡੀ (1947-90) ਅਰਮਾਨ ਪਬਲੀਕੇਸ਼ਨਜ਼, ਕਪੂਰਥਲਾ 2005, ਪੰਨਾ 24.

3. ਉਹੀ, ਪੰਨਾ 25-26.

4. "Sant Baba Prem Singh Ji
Muralewale Continue Member
of S.G.P.C. 1922 to 1950."
"Sant Prem Singh Ji", Central Sikh Museum, Sri Harmandar Sahib, Amritsar.

5. ਸ਼ਮਸ਼ੇਰ ਸਿੰਘ ਅਸ਼ੋਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ (1926-1976), ਪੰਨਾ 24, 71, 152, 161, 180 ਤੇ 215.

6. ਸ੍ਰੀ ਮਾਨ ਸੰਤ ਪ੍ਰੇਮ ਸਿੰਘ ਜੀ
ਐਮ.ਐਲ.ਏ. ਜ਼ਿਲ੍ਹਾ ਗੁਜਰਾਤ
ਵਿਚੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ
ਬਿਨਾਂ ਮੁਕਾਬਲਾ ਚੁਣੇ ਗਏ ਹਨ।
ਮੁਕਾਬਲੇ ਦੇ ਸ੍. ਸੇਵਾ ਸਿੰਘ ਜੀ
ਲਾਲਾਮੂਸਾ ਨੇ ਆਪਣਾ ਨਾਮ ਵਾਪਸ
ਲੈ ਲਿਆ ਹੈ।
ਪ੍ਰੇਮ ਸੰਦੇਸ਼, ਜਿਲਦ 8, ਅੰਕ 20, 1 ਦਸੰਬਰ 1946, ਪੰਨਾ 2.

7. ਸ਼ਮਸ਼ੇਰ ਸਿੰਘ ਅਸ਼ੋਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ (1926-1976), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ 1982, ਪੰਨੇ 174 ਅਤੇ 244.

8. ਹੇਠਲੇ ਖਾਕੇ ਤੋਂ ਸੰਤ ਪ੍ਰੇਮ ਸਿੰਘ ਜੀ ਰਾਹੀਂ ਫਰਵਰੀ 1937 ਈ. ਵਿਚ ਲਏ ਗਏ ਵੋਟਾਂ ਦੇ ਫਰਕ ਦਾ ਪਤਾ ਲੱਗਦਾ ਹੈ -

ਲੜੀ ਨੰ.	ਉਮੀਦਵਾਰ ਦਾ ਨਾਂ	ਪਾਰਟੀ	ਪ੍ਰਾਪਤ ਵੋਟਾਂ	ਫਰਕ
1.	ਸੰਤ ਪ੍ਰੇਮ ਸਿੰਘ	ਸ਼੍ਰੋਮਣੀ ਅਕਾਲੀ ਦਲ	6901	
2.	ਸਰਦਾਰ ਬਹਾਦਰ ਹਰਬੰਸ ਸਿੰਘ	ਖ਼ਾਲਸਾ ਨੈਸ਼ਲਿਸਟ ਪਾਰਟੀ	3602	3299

ਦ ਟ੍ਰਿਬਿਊਨ, 11 ਫਰਵਰੀ 1937.

9. "ਕੌਮੀ ਸਮਾਚਾਰ", ਪ੍ਰੇਮ ਸੰਦੇਸ਼, ਜਿਲਦ 7, ਅੰਕ 38, 23 ਜਨਵਰੀ 1946, ਪੰਨਾ 11.

10. ਹੇਠਲੇ ਖਾਕੇ ਤੋਂ ਸੰਤ ਬਾਬਾ ਪ੍ਰੇਮ ਸਿੰਘ ਰਾਹੀਂ ਫਰਵਰੀ 1946 ਈ. ਵਿਚ ਲਏ ਗਏ ਵੋਟਾਂ ਦੇ ਫਰਕ ਦਾ ਪਤਾ ਲੱਗਦਾ ਹੈ -

ਲੜੀ ਨੰ.	ਉਮੀਦਵਾਰ ਦਾ ਨਾਂ	ਪਾਰਟੀ	ਪ੍ਰਾਪਤ ਵੋਟਾਂ	ਫਰਕ
1.	ਸੰਤ ਪ੍ਰੇਮ ਸਿੰਘ	ਸ਼੍ਰੋਮਣੀ ਅਕਾਲੀ ਦਲ	9357	
2.	ਸ. ਹਰਭਜਨ ਸਿੰਘ	ਭਾ. ਰਾਸ਼ਟਰੀ ਕਾਂਗਰਸ ਪਾਰਟੀ	2497	6860

ਦ ਟ੍ਰਿਬਿਊਨ, 24 ਫਰਵਰੀ 1946.

ਪੂਰਨ ਬ੍ਰਹਮਗਿਆਨੀ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ

ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦਾ ਜਨਮ ਅਕਤੂਬਰ 1882 ਈ. ਕੱਤਕ ਦੀ ਸੰਗਰਾਂਦ ਵਾਲੇ ਦਿਨ ਹੋਇਆ। ਉਸ ਸਮੇਂ ਉਨ੍ਹਾਂ ਦੇ ਮਾਤਾ-ਪਿਤਾ ਖੋਜ਼ੀ ਦੁਨਾ ਸਿੰਘ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿਚ ਰਹਿੰਦੇ ਸਨ। ਉਨ੍ਹਾਂ ਦੇ ਪਿਤਾ ਸ. ਵਸਾਵਾ ਸਿੰਘ ਅਤੇ ਦਾਦਾ ਸ. ਅਰੂੜ ਸਿੰਘ ਭਾਈ ਲੱਖੀ ਸ਼ਾਹ ਵਣਜਾਰਾ ਦੇ ਭਰਾ ਧਰਮ ਦਾਸ ਦੀ ਸੰਤਾਨ ਸਨ। ਭਾਈ ਲੱਖੀ ਸ਼ਾਹ ਵਣਜਾਰਾ ਗੁਰੂ ਘਰ ਦੇ ਬਹੁਤ ਸ਼ਰਧਾਲੂ ਸਨ, ਜਿਨ੍ਹਾਂ ਨੇ ਆਪਣੇ ਘਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਕੀਤਾ ਸੀ।

ਸੰਤ ਪ੍ਰੇਮ ਸਿੰਘ ਜੀ ਅਜੇ ਗਿਆਰਾਂ ਸਾਲਾਂ ਦੇ ਹੀ ਸਨ ਕਿ ਆਪ ਜੀ ਦੀ ਮਾਤਾ ਨਿਹਾਲ ਕੌਰ ਅਕਾਲ ਚਲਾਣਾ ਕਰ ਗਏ। ਸੰਤ ਪ੍ਰੇਮ ਸਿੰਘ ਜੀ ਦੀ ਪਾਲਣਾ ਦਾਦਾ ਅਰੂੜ ਸਿੰਘ ਦੀ ਰੇਖ-ਰੇਖ ਹੇਠ ਹੋਈ। ਕੁਝ ਸਮੇਂ ਪਿਛੋਂ ਸ. ਅਰੂੜ ਸਿੰਘ ਵੀ ਚੱਲ ਵਸੇ। ਦਾਦਾ ਜੀ ਦੇ ਅਕਾਲ ਚਲਾਣੇ ਤੋਂ ਪਿਛੋਂ ਸੰਤ ਪ੍ਰੇਮ ਸਿੰਘ ਛੋਟੀ ਉਮਰ ਵਿਚ ਹੀ ਸੰਤ ਬਿਸ਼ਨ ਸਿੰਘ ਦੇ ਡੇਰੇ ਮੁਰਾਲਾ ਵਿਖੇ ਚਲੇ ਗਏ ਅਤੇ ਲੰਗਰ ਦੀ ਸੇਵਾ ਵਿਚ ਲਗ ਗਏ। ਉਨ੍ਹਾਂ ਦੇ ਜੀਵਨ ਦੀ ਇਹ ਅਨੋਖੀ ਤੇ ਸਾਰਥਕ ਘਟਨਾ ਸੀ। ਪਿੰਡ ਮੁਰਾਲਾ ਵਿਖੇ ਗੁਰੂ ਕੇ ਲੰਗਰ ਵਿਚ ਸੇਵਾ ਕਰਦਿਆਂ ਬਾਬਾ ਜੀ ਮਨੁੱਖਤਾ ਦੀ ਸੇਵਾ ਵਿਚ ਐਸੇ ਜੁੜੇ ਕਿ ਮੁੜ ਸੇਵਾ ਦਾ ਹੀ ਰੂਪ ਹੋ ਗਏ। ਇਥੇ ਰਹਿੰਦਿਆਂ (ਬਾਬਾ) ਪ੍ਰੇਮ ਸਿੰਘ ਨੂੰ ਸੰਤ ਉੱਤਮ ਸਿੰਘ ਦੇ ਡੇਰੇ ਅੰਮ੍ਰਿਤਸਰ ਤੋਂ ਕੀਰਤਨ ਦੀ ਸਿਖਲਾਈ ਲਈ ਭੇਜਿਆ ਗਿਆ। ਬਾਬਾ ਬਿਸ਼ਨ ਸਿੰਘ ਨੇ ਇਕ ਦਿਨ ਚਿੱਠੀ ਲਿਖ ਕੇ ਬਾਬਾ ਪ੍ਰੇਮ ਸਿੰਘ ਜੀ ਨੂੰ ਅੰਮ੍ਰਿਤਸਰ ਤੋਂ ਵਾਪਸ ਬੁਲਾਇਆ। ਮੁਰਾਲੇ ਆ ਕੇ ਬਾਬਾ ਜੀ ਨੇ ਫਿਰ ਲੰਗਰ ਦੀ ਸੇਵਾ ਸੰਭਾਲ ਲਈ।



ਸੇਵਾ - ਸਾਧ ਸੰਗਤ ਦੀ ਸੇਵਾ, ਮਨੁੱਖਤਾ ਦੀ ਸੇਵਾ, ਜਾਤ ਜਾਂ ਫ਼ਿਰਕੇ ਦੇ ਵਿਤਕਰੇ ਤੋਂ ਬਿਨਾਂ ਸੰਤ ਪ੍ਰੇਮ ਸਿੰਘ ਜੀ ਨੇ ਪੂਰਾ ਜੀਵਨ ਸੇਵਾ ਕੀਤੀ। ਗੁਰੂ ਕੇ ਲੰਗਰ ਦੀ ਸੇਵਾ ਕਰਦਿਆਂ ਅੰਤਰ ਆਤਮਾ ਪ੍ਰਭੂ ਸਿਮਰਨ ਨਾਲ ਜੋੜ ਦਿੱਤੀ। ਬਾਬਾ ਬਿਸ਼ਨ ਸਿੰਘ ਜੀ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਸੇਵਾ ਦੀ ਵੱਡੀ ਕਸਵੱਟੀ ਤੇ ਪਰਖਿਆ, ਜਿਸ ਵਿਚ ਉਹ ਪੂਰੇ ਉਤਰੇ, ਇਸੇ ਕਾਰਨ ਡੇਰੇ ਦੇ ਸਭ ਤੋਂ ਘੱਟ ਉਮਰ ਵਾਲੇ ਸੇਵਕ ਉਮਰ 23 ਸਾਲ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਜੀਵਨ ਕਾਲ ਵਿਚ ਹੀ ਮੁਰਾਲਾ ਡੇਰੇ ਦੀ ਗੁਰਗੱਦੀ ਬਖ਼ਸ਼ਿਸ਼ ਕਰ ਦਿੱਤੀ। ਸੇਵਾ ਦੇ ਨਾਲ-ਨਾਲ ਆਪ ਨਾਮ ਅਭਿਆਸ ਦੀ ਸਾਧਨਾ ਨਾਲ ਵੀ ਜੁੜ ਗਏ।

ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524



ਸਿੱਖੀ ਦਾ ਪ੍ਰਚਾਰ - ਮੁਰਾਲਾ ਡੇਰੇ ਦੀ ਸੇਵਾ ਸੰਭਾਲ ਦੇ ਨਾਲ-ਨਾਲ ਸੰਤ ਪ੍ਰੇਮ ਸਿੰਘ ਜੀ ਨੇ ਸਿੱਖੀ ਦੇ ਪ੍ਰਚਾਰ ਵਾਸਤੇ ਗੁਰਬਾਣੀ ਦੀ ਮਹੱਤਤਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਪ੍ਰਚਾਰ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਸਿੱਖੀ ਦਾ ਮੂਲ ਅਧਾਰ ਹੈ, ਗੁਰੂ ਦੀ ਬਾਣੀ ਹੀ ਸਿੱਖ ਦਾ ਗੁਰੂ ਹੈ, ਗੁਰੂ, ਬਾਣੀ ਵਿਚ ਮੌਜੂਦ ਹੈ। ਗੁਰਬਾਣੀ ਦੀ ਕਥਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਚੰਗੇ ਚੰਗੇ ਵਿਦਵਾਨ ਕਥਾ ਵਾਸਤੇ ਤਿਆਰ ਕੀਤੇ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਚੰਗੀ ਤਰ੍ਹਾਂ ਘੋਖ ਅਤੇ ਅਧਿਐਨ ਕੀਤਾ। 1922 ਈ. ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਕਥਾ ਆਰੰਭ ਕੀਤੀ ਜਿਸ ਨੂੰ ਦੋ ਸਾਲਾਂ ਵਿਚ ਸੰਪੂਰਨ ਕੀਤਾ। ਬਾਬਾ ਜੀ ਆਪ ਵੀ ਗੁਰਬਾਣੀ ਦੀ ਕਥਾ ਵਿਚ ਮੁਹਾਰਤ ਰੱਖਦੇ ਸਨ।

ਅੰਮ੍ਰਿਤ ਪ੍ਰਚਾਰ - ਸੰਤ ਪ੍ਰੇਮ ਸਿੰਘ ਜੀ ਨੇ ਪ੍ਰਚਾਰਕ ਦੌਰਿਆਂ ਸਮੇਂ ਹਜ਼ਾਰਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ, ਗੁਰੂ ਦੇ ਲੜ ਲਾਇਆ। ਉਨ੍ਹਾਂ ਨੇ 1911-12 ਤੋਂ ਅੰਮ੍ਰਿਤ ਸੰਚਾਰ ਕਰਨਾ ਸ਼ੁਰੂ ਕਰ ਦਿੱਤਾ। ਆਪਣੇ ਨਿੱਜੀ ਪਿੰਡ ਖੋਜ਼ੀ ਦੁਨਾ ਸਿੰਘ ਅਤੇ ਆਲੇ-ਦੁਆਲੇ ਦੇ ਪਿੰਡਾਂ ਕੁਆਂਖ, ਭਖੜੇ ਵਾਲੀ, ਬਜ਼ੁਰਗਵਾਲ ਆਦਿ ਪਿੰਡਾਂ ਵਿਚ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ।

ਵਿੱਦਿਆਦਾਨੀ - ਆਪ ਜੀ ਨੇ ਮਨੁੱਖਤਾ ਦਾ ਜੀਵਨ ਪੱਧਰ ਉੱਚਾ ਚੁੱਕਣ ਵਾਸਤੇ ਵਿੱਦਿਆ ਦੇ ਖੇਤਰ ਵਿਚ ਭਰਪੂਰ ਯੋਗਦਾਨ ਪਾਇਆ। ਬਹੁਤ ਸਾਰੇ ਸਕੂਲ ਖੋਲ੍ਹੇ ਜਿਨ੍ਹਾਂ ਵਿਚ (ੳ) 1921 ਈ. ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਲੁਬਾਣਾ ਹਾਈ ਸਕੂਲ ਟਾਂਡਾ, ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਹੁਣ ਮਿਆਣੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੈ। (ਅ) 1944 ਈ. ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਬਾਬਕਵਾਲ ਜ਼ਿਲ੍ਹਾ ਸ਼ੇਖੂਪੁਰ (ਪਾਕਿਸਤਾਨ) ਹੁਣ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੈ। (ੲ) 1945 ਈ. ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਖੋਜ਼ੀ ਦੁਨਾ ਸਿੰਘ ਪਾਕਿਸਤਾਨ ਹੁਣ ਬੇਗੋਵਾਲ ਜ਼ਿਲ੍ਹਾ ਕਪੂਰਥਲਾ ਵਿਚ ਹੈ। (ਸ) 1946 ਈ. ਵਿਚ ਸੰਤ ਪ੍ਰੇਮ ਸਿੰਘ ਖਾਲਸਾ ਹਾਈ ਸਕੂਲ ਭਟਨੂਰਾ ਜਲੰਧਰ ਇਹ ਸਕੂਲ 15 ਨਵੰਬਰ 1979 ਨੂੰ ਸਰਕਾਰੀ ਹਾਈ ਸਕੂਲ ਚੱਲ ਰਿਹਾ ਹੈ। (ਹ) 1947 ਵਿਚ ਹੀ ਗੁਰੂ ਨਾਨਕ ਖਾਲਸਾ ਹਾਈ ਸਕੂਲ ਸਰਗੋਧਾ ਵਿਚ ਵੀ ਚਲਾਇਆ ਸੀ, ਇਹ ਸਕੂਲ ਦੇਸ਼ ਦੀ ਵੰਡ ਤੋਂ ਬਾਅਦ ਨਹੀਂ ਖੁਲ੍ਹਿਆ। (ਕ) ਅਨੇਕਾਂ ਮਿਡਲ ਅਤੇ

ਪ੍ਰਾਇਮਰੀ ਸਕੂਲਾਂ ਦੀ ਸਥਾਪਨਾ ਵੀ ਆਪ ਨੇ ਕੀਤੀ। ਹਜ਼ਾਰਾਂ ਵਿਦਿਆਰਥੀ ਬਾਬਾ ਜੀ ਦੀ ਜਗਾਈ ਜੋਤ ਤੋਂ ਚਾਨਣ ਪ੍ਰਾਪਤ ਕਰਕੇ ਜੀਵਨ ਦੇ ਵੱਖ-ਵੱਖ ਅਹੁਦਿਆਂ ਤੇ ਬਿਰਾਜਮਾਨ ਹਨ, ਜਿਨ੍ਹਾਂ ਦੇਸ਼ ਤੇ ਕੌਮ ਦੀ ਸੇਵੀ ਕੀਤੀ ਅਤੇ ਕਰ ਰਹੇ ਹਨ।

ਸਮਾਜ ਸੁਧਾਰ (ਵਿਹਾਰ ਸੁਧਾਰ ਲਹਿਰ) - ਬਾਬਾ ਪ੍ਰੇਮ ਸਿੰਘ ਜੀ ਨੇ ਸਮਾਜਕ ਬੁਰਾਈਆਂ ਦੂਰ ਕਰਨ ਵਾਸਤੇ, ਭੈੜੀਆਂ ਤੇ ਕੋਝੀਆਂ ਫਜ਼ੂਲ ਰਸਮਾਂ ਤੋਂ ਬਚਾਉਣ, ਛੂਤ-ਛਾਤ, ਜਾਤ-ਪਾਤ, ਊਚ-ਨੀਚ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ, ਸ਼ਰਾਬਬੰਦੀ ਤੇ ਹੋਰਨਾਂ ਨਸ਼ਿਆਂ ਦਾ ਤਿਆਗ ਕਰਾਉਣ ਲਈ ਕਈ ਕਾਨਫਰੰਸਾਂ ਕੀਤੀਆਂ।

1918 ਈ. ਵਿਚ ਬਜੁਰਗਵਾਲ ਜ਼ਿਲ੍ਹਾ ਗੁਜਰਾਤ (ਪਾਕਿਸਤਾਨ), 1922 ਈ. ਵਿਚ ਛਾਮਕੇ ਜ਼ਿਲ੍ਹਾ ਸ਼ੇਖੂਪੁਰ (ਪਾਕਿਸਤਾਨ), 1924 ਈ. ਵਿਚ ਮਿਰਜਾਪੁਰ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ), 1925 ਈ. ਵਿਚ ਖੋਖਰਵਾਲੀ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ), 1926 ਈ. ਵਿਚ ਨੰਗਲ ਸਾਧਾਂ ਸ਼ੇਖੂਪੁਰ (ਪਾਕਿਸਤਾਨ), 1927 ਈ. ਵਿਚ ਚੱਕ 441 ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ), 1928 ਈ. ਵਿਚ ਚੱਕ 37 ਜ਼ਿਲ੍ਹਾ ਲਾਹੌਰ (ਪਾਕਿਸਤਾਨ)। ਇਨ੍ਹਾਂ ਕਾਨਫਰੰਸਾਂ ਵਿਚ ਸਮਾਜਕ ਬੁਰਾਈਆਂ ਦੂਰ ਕਰਨ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ।

ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਗੁਰਮਤਿ ਮਰਯਾਦਾ ਅਨੁਸਾਰ ਚਾਰ ਲਾਵਾਂ ਅਤੇ ਅਰਦਾਸ ਨਾਲ ਅਨੰਦ ਕਾਰਜ ਕਰਨ ਦਾ ਜ਼ੋਰਦਾਰ ਪ੍ਰਚਾਰ ਕੀਤਾ।

ਬਾਬਾ ਜੀ ਅੰਧ ਵਿਸ਼ਵਾਸ, ਵਹਿਮ-ਭਰਮ ਤੇ ਫਾਲਤੂ ਸਮਾਜਿਕ ਰਸਮਾਂ ਦੇ ਸਖ਼ਤ ਵਿਰੋਧੀ ਸਨ। ਇਨ੍ਹਾਂ ਭੈੜੀਆਂ ਰਸਮਾਂ ਤੋਂ ਛੁਟਕਾਰਾ ਦਿਵਾਉਣ ਲਈ ਬਾਬਾ ਜੀ ਜੀਵਨ ਭਰ ਯਤਨਸ਼ੀਲ ਰਹੇ।

ਮੀਰੀ ਤੇ ਪੀਰੀ ਦਾ ਸੰਕਲਪ - ਸੰਤ ਬਾਬਾ ਪ੍ਰੇਮ ਸਿੰਘ ਜੀ ਚੀਫ ਖਾਲਸਾ ਦੀਵਾਨ ਦੇ ਮੈਂਬਰ ਰਹੇ। 1926 ਈ. ਤੋਂ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ। ਕਾਫੀ ਸਮਾਂ ਐਗਜੈਕਟਿਵ ਮੈਂਬਰ ਵੀ ਰਹੇ। 1937 ਈ. ਵਿਚ ਸੰਤ ਬਾਬਾ ਪ੍ਰੇਮ ਸਿੰਘ ਸਰਗੋਧਾ ਜ਼ਿਲ੍ਹਾ ਗੁਜਰਾਤ ਤੋਂ ਐਮ.ਐਲ.ਏ. ਚੁਣੇ ਗਏ। ਆਪਣੇ ਸਿਆਲੀ ਜੀਵਨ ਵਿਚ ਦੂਜੀ ਵਾਰ 1945 ਈ. ਵਿਚ ਫਿਰ ਆਪ ਐਮ.ਐਲ.ਏ. ਚੁਣੇ ਗਏ ਤੇ ਅਕਾਲ ਚਲਾਣੇ ਤੱਕ ਆਪ ਅਸੈਂਬਲੀ ਦੇ ਮੈਂਬਰ ਸਨ।

ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਅਨੇਕਾਂ ਗੁਰਦੁਆਰੇ ਤੇ ਬੁੰਗੇ ਬਣਵਾਏ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹਰਿ ਕੀ ਪਉੜੀ ਦੀ ਕਾਰ ਸੇਵਾ ਵਿਚ ਯੋਗਦਾਨ ਪਾ ਕੇ ਗੁਰੂ ਘਰ ਦੀ ਮਹਾਨ ਸੇਵਾ ਕੀਤੀ। ਆਪਣੇ ਉਚੇਚੇ ਯਤਨਾਂ ਨਾਲ ਦੇਸ਼ ਦੀ ਵੰਡ 1947 ਤੋਂ ਪਿਛੋਂ ਲੁਬਾਣਾ ਸਿੱਖਾਂ ਨੂੰ ਬੇਗੋਵਾਲ ਦੇ ਇਲਾਕੇ ਵਿਚ ਵਸਾਇਆ।

ਦੋ ਜੂਨ 1950 ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਸੰਗਤਾਂ ਨੂੰ ਸਦਾ ਲਈ ਵਿਛੋੜਾ ਦੇ ਗਏ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਆਪ ਦੇ ਅੰਤਮ ਦਰਸ਼ਨਾਂ ਲਈ ਪੁੱਜੀਆਂ। ਉਨ੍ਹਾਂ ਦੇ ਮੌਜੂਦਾ ਜਾਨਸ਼ੀਨ ਬੀਬੀ ਜਗੀਰ ਕੌਰ ਐਮ.ਐਲ.ਏ. ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਡੇਰੇ ਦੇ ਮੁੱਖ ਸੇਵਾਦਾਰ ਵਜੋਂ ਜ਼ਿੰਮੇਵਾਰੀ ਨਿਭਾਅ ਰਹੇ ਹਨ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਮਿਸ਼ਨ ਨੂੰ ਜਾਰੀ ਰੱਖਣ ਲਈ ਸਿਰਤੋੜ ਯਤਨ ਕਰ ਰਹੇ ਹਨ। ਬੀਬੀ ਜੀ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਸਮਝ ਤੇ ਸੋਝੀ ਰੱਖਣ ਵਾਲੇ ਹਨ, ਗੁਰਮਤਿ ਵਿਚਾਰਧਾਰਾ ਦੇ ਧਾਰਨੀ ਹਨ, ਕੀਰਤਨ ਵਿਚ ਨਿਪੁੰਨ ਹਨ ਅਤੇ ਇਹ ਸਯੋਗ ਪ੍ਰਬੰਧਕ ਹਨ।

ਆਓ ਆਪਾਂ ਵੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਜੀਵਨ ਸਫਲ ਕਰੀਏ।

● ● ●

ਆਈਆਂ ਪਲਟਨਾਂ ਬੀੜ ਕੇ ਤੋਪਖਾਨੇ, ਅਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਘੇ ਖਾਂ ਹੋਏ ਸਿੱਧੇ, ਹੱਲੇ ਤਿੰਨ ਫਰੰਗੀ ਦੇ ਤੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

-ਸ਼ਾਹ ਮੁਹੰਮਦ

(ਜੰਗਨਾਮਾ ਸਿੰਘਾਂ ਤੇ ਫਿਰੰਗੀਆਂ)

ਫੁੱਲਦਾਰ ਦਰੱਖਤ ਅਤੇ ਗੁਣਵਾਨ ਵਿਅਕਤੀ ਹੀ ਝੁਕਦੇ ਨੇ।



ਦੇਸ਼ ਦਾ ਸਭ ਤੋਂ ਤੇਜ਼ ਫਰਾਟਾ ਦੌੜਾਕ ਬਣਿਆ

ਗਰਿੰਦਰਵੀਰ ਸਿੰਘ

ਪੰਜਾਬੀ ਸ਼ੇਰ ਗੁਰਿੰਦਰਵੀਰ ਸਿੰਘ ਨੇ ਫਿਨਿਸ਼ ਲਾਈਨ ਨੂੰ ਪਾਰ ਕਰਨ ਤੋਂ ਬਾਅਦ ਆਪਣੀ ਬਿਬ ਉਤਾਰ ਕੇ ਉਸ ਦਾ ਪਿਛਲਾ ਹਿੱਸਾ ਦਿਖਾਇਆ, ਉਸ 'ਤੇ ਇਕ ਸਿੱਧਾ ਤੇ ਸਪੱਸ਼ਟ ਸੁਨੇਹਾ ਲਿਖਿਆ ਹੋਇਆ ਸੀ, 'ਕੰਮ ਅਜੇ ਮੁੱਕਿਆ ਨਹੀਂ। ਮੈਂ 10.10 ਸੈਕਿੰਡ 'ਤੇ ਰੁਕਣ ਵਾਲਾ ਨਹੀਂ, ਉਡੀਕ ਕਰੋ, ਮੈਂ ਅਜੇ ਹੈਗਾਂ।'

ਬੁਲੰਦ ਹੌਸਲੇ, ਯਕੀਨ ਤੇ ਦ੍ਰਿੜ੍ਹਤਾ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ ਕਿ ਇਕ ਅਥਲੀਟ 100 ਮੀਟਰ ਦੇ ਫਾਈਨਲ ਮੁਕਾਬਲੇ ਲਈ ਟਰੈਕ ਵਿਚ ਉਤਰਨ ਤੋਂ ਪਹਿਲਾਂ ਹੀ ਆਪਣੀ ਬਿਬ ਵਿਚ ਇਹ ਪਰਚੀ ਲਿਖ ਕੇ ਪਾ ਲਵੇ ਕਿ ਮੁਕਾਬਲਾ ਵੀ ਜਿੱਤਣਾ ਹੈ ਤੇ ਉਹ ਵੀ 10.10 ਸੈਕਿੰਡ ਤੋਂ ਘੱਟ ਸਮੇਂ ਵਿਚ। ਇਸ ਤਰ੍ਹਾਂ ਦੇ ਧਾਕੜ



ਅਥਲੀਟ ਵਿਲੱਖਣ ਹੀ ਮਿਲਦੇ ਹਨ। ਕੁਝ ਇਸੇ ਤਰ੍ਹਾਂ ਦਾ ਵਰਤਾਰਾ 29ਵੇਂ ਸੀਨੀਅਰ ਨੈਸ਼ਨਲ ਫੈਡਰੇਸ਼ਨ ਕੱਪ ਵਿਚ 100 ਮੀਟਰ ਸਪਰਿੰਟ ਦੇ ਫਾਈਨਲ ਮੁਕਾਬਲੇ ਮੌਕੇ ਵੇਖਣ ਨੂੰ ਮਿਲਿਆ। ਪੰਜਾਬੀ ਸ਼ੇਰ ਗੁਰਿੰਦਰਵੀਰ ਸਿੰਘ ਨੇ ਫਿਨਿਸ਼ ਲਾਈਨ ਨੂੰ ਪਾਰ ਕਰਨ ਤੋਂ ਬਾਅਦ ਆਪਣੀ ਬਿਬ ਉਤਾਰ ਕੇ ਉਸ ਦਾ ਪਿਛਲਾ ਹਿੱਸਾ ਦਿਖਾਇਆ, ਉਸ

’ਤੇ ਇਕ ਸਿੱਧਾ ਤੇ ਸਪੱਸ਼ਟ ਸੁਨੇਹਾ ਲਿਖਿਆ ਹੋਇਆ ਸੀ, ‘ਕੰਮ ਅਜੇ ਮੁੱਕਿਆ ਨਹੀਂ। ਮੈਂ 10.10 ਸੈਕਿੰਡ ’ਤੇ ਰੁਕਣ ਵਾਲਾ ਨਹੀਂ, ਉਡੀਕ ਕਰੋ, ਮੈਂ ਅਜੇ ਹੈਗਾਂ।’

ਝਾਰਖੰਡ ਦੇ ਸ਼ਹਿਰ ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿਚ ਹੋਏ 29ਵੇਂ ਸੀਨੀਅਰ ਨੈਸ਼ਨਲ ਫੈਡਰੇਸ਼ਨ ਕੱਪ ਵਿਚ ਗੁਰਿੰਦਰਵੀਰ ਸਿੰਘ ਨੇ 10.09 ਸੈਕਿੰਡ ਦੇ ਸ਼ਾਨਦਾਰ ਸਮੇਂ ਨਾਲ ਨਵਾਂ ਕੌਮੀ ਰਿਕਾਰਡ ਸਥਾਪਤ ਕਰਦਿਆਂ 100 ਮੀਟਰ ਫਰਾਟਾ ਦੌੜ ਵਿਚ ਚੈਂਪੀਅਨ ਬਣ ਕੇ ਭਾਰਤੀ ਅਥਲੈਟਿਕਸ ਲਈ ਆਸ ਦੀ ਨਵੀਂ ਕਿਰਨ ਜਗਾਈ ਹੈ। ਉਹ 10.10 ਸੈਕਿੰਡ ਦਾ ਬੈਰੀਅਰ ਤੋੜਨ ਵਾਲਾ ਭਾਰਤ ਦਾ ਪਹਿਲਾ ਤੇ ਸਭ ਤੋਂ ਤੇਜ਼ ਦੌੜਾਕ ਵੀ ਬਣ ਗਿਆ ਹੈ।



ਗੁਰਿੰਦਰਵੀਰ ਸਿੰਘ ਦਾ ਜਨਮ 24 ਦਸੰਬਰ 2000 ਨੂੰ ਜਲੰਧਰ ਜ਼ਿਲ੍ਹੇ ਦੇ ਕਸਬਾ ਭੋਗਪੁਰ ਦੇ ਪਿੰਡ ਪਟਿਆਲ ਵਿਖੇ ਲੁਬਾਣਾ ਬਰਾਦਰੀ ਵਿਚ ਪਿਤਾ ਕਮਲਜੀਤ ਸਿੰਘ ਅਤੇ ਮਾਤਾ ਰੁਪਿੰਦਰ ਕੌਰ ਦੇ ਘਰ ਹੋਇਆ। ਪੰਜਾਬ ਪੁਲਿਸ ਵਿਚੋਂ ਸੇਵਾਮੁਕਤ ਹੋਏ ਉਸ ਦੇ ਪਿਤਾ ਖੁਦ ਵੀ ਵਾਲੀਬਾਲ ਦੇ ਕੌਮੀ ਪੱਧਰ ਦੇ ਖਿਡਾਰੀ ਰਹੇ ਹਨ। ਉਸ ਦੇ ਦਾਦਾ ਜੀ ਵੀ ਭਾਰਤੀ ਫੌਜ ਵਿਚ ਸੇਵਾਵਾਂ ਨਿਭਾਅ ਚੁੱਕੇ ਹਨ। ਘਰ ਵਿਚ ਅਨੁਸ਼ਾਸ਼ਨ ਤੇ ਖੇਡਾਂ ਵਾਲਾ ਮਾਹੌਲ ਹੋਣ ਕਾਰਨ ਗੁਰਿੰਦਰਵੀਰ ਨੂੰ ਵੀ ਬਚਪਨ ਤੋਂ ਹੀ ਖੇਡਾਂ ਖੇਡਣ ਦੀ ਚੇਟਕ ਲੱਗ ਗਈ। ਇਸ ਚੇਟਕ ਦਾ ਹੀ ਨਤੀਜਾ ਹੈ ਕਿ ਉਸ ਨੇ ਇਕ ਛੋਟੇ ਜਿਹੇ ਪਿੰਡ ਪਟਿਆਲ ਤੋਂ ਉੱਠ ਕੇ ਕੌਮੀ ਪੱਧਰ ਦਾ ਰਿਕਾਰਡ ਆਪਣੇ ਨਾਮ ਲਿਖਵਾਇਆ ਹੈ।

ਲਗਭਗ ਦਸ ਸਾਲ ਦੀ ਉਮਰ ਵਿਚ ਗੁਰਿੰਦਰਵੀਰ ਸਿੰਘ ਨੇ ਆਪਣੇ ਪਿਤਾ ਦੀ ਟ੍ਰੇਨਿੰਗ ਹੇਠ ਟਰੈਕ ਵਿਚ ਦੌੜਨਾ ਸ਼ੁਰੂ ਕਰ ਦਿੱਤਾ ਸੀ ਅਤੇ ਦੋ ਸਾਲਾਂ ਦੇ ਅੰਦਰ ਹੀ ਉਹ ਆਪਣੇ ਪਿਤਾ ਤੋਂ ਤੇਜ਼ ਦੌੜਨ ਲੱਗ ਪਿਆ ਸੀ। ਉਸ ਦੀ ਟਰੈਕ ਵਿਚ ਦੌੜਨ ਦੀ ਲਗਨ ਨੇ ਉਸ ਨੂੰ ਭੋਗਪੁਰ ਵਿਖੇ ਅਥਲੈਟਿਕਸ ਕੋਚ ਸਰਵਣ ਸਿੰਘ ਕੋਲ ਖਿੱਚ ਲਿਆਂਦਾ। ਉਦੋਂ ਅਜੇ ਉਹ ਛੇਵੀਂ ਜਮਾਤ ਵਿਚ ਹੀ ਪੜ੍ਹਦਾ ਸੀ, ਜਦੋਂ ਕੋਚ ਸਰਵਣ ਸਿੰਘ ਨੇ ਇਹ ਭਵਿੱਖਬਾਣੀ ਕਰ ਦਿੱਤੀ ਸੀ ਕਿ ਇਹ ਮੁੰਡਾ ਚੋਟੀ ਦਾ ਅਥਲੀਟ ਬਣੇਗਾ।

ਗੁਰਿੰਦਰਵੀਰ ਨੇ ਆਪਣੀ ਪੜ੍ਹਾਈ ਗੁਰੂ ਨਾਨਕ ਮਿਸ਼ਨ ਸਕੂਲ ਡੱਲਾ ਅਤੇ ਕੈਂਬਰਿਜ ਸਕੂਲ ਜਲੰਧਰ ਤੋਂ ਕੀਤੀ। ਉਸ ਨੇ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਤੋਂ ਬੀ.ਏ. ਅਤੇ ਪੀਜੀਡੀਸੀਏ ਦੀ ਪੜ੍ਹਾਈ ਕੀਤੀ। ਉਸ ਦੀ ਖੇਡ ਨੂੰ ਨਿਖਾਰਨ ਵਿਚ ਸਪੋਰਟਸ ਕਾਲਜ ਜਲੰਧਰ ਦੇ ਕੋਚ ਸਰਬਜੀਤ ਸਿੰਘ ਹੈਪੀ ਦਾ ਵੀ ਵੱਡਾ ਯੋਗਦਾਨ ਹੈ, ਜਿਸ ਨੇ ਗੁਰਿੰਦਰਵੀਰ ਨੂੰ ਵਧੀਆ ਕੋਚਿੰਗ ਦੇ ਕੇ ਵੱਡੇ ਮੁਕਾਬਲਿਆਂ ਲਈ ਤਿਆਰ ਕੀਤਾ। ਜਿਸ ਦੇ ਨਤੀਜੇ ਵਜੋਂ ਉਸ ਨੇ ਅੰਤਰ ਰਾਸ਼ਟਰੀ ਪੱਧਰ ’ਤੇ ਅਥਲੈਟਿਕਸ ਵਿਚ ਆਪਣੀ ਚੰਗੀ ਭੱਲ ਬਣਾ ਲਈ।



2017 ਵਿਚ ਬੈਂਕਾਕ (ਥਾਈਲੈਂਡ) ਵਿਚ ਹੋਈ ਏਸ਼ੀਅਨ ਅੰਡਰ 18 ਅਥਲੈਟਿਕਸ ਚੈਂਪੀਅਨਸ਼ਿਪ ਵਿਚ 10.77 ਸੈਕਿੰਡ ਦੇ ਸਮੇਂ ਨਾਲ 100 ਮੀਟਰ ਦੌੜ ਵਿਚ ਗੋਲਡ ਮੈਡਲ ਹਾਸਲ ਕੀਤਾ। 2019 ਵਿਚ ਕਜ਼ਾਕਿਸਤਾਨ ਦੇ ਅਲਮਾਟੀ ਵਿਚ ਹੋਏ ਯੂਰੇਸ਼ੀਅਨ ਅਥਲੈਟਿਕਸ ਅੰਡਰ 20 ਮੁਕਾਬਲੇ ਵਿਚ 10.42 ਸੈਕਿੰਡ ਦੇ ਸਮੇਂ ਨਾਲ ਪਹਿਲਾ ਸਥਾਨ ਹਾਸਲ ਕੀਤਾ। 2025 ਵਿਚ ਇੰਡੀਅਨ ਗ੍ਰੈਂਡ ਪ੍ਰਿਕਸ 1 ਵਿਚ ਗੁਰਿੰਦਰਵੀਰ ਸਿੰਘ ਨੇ 10.20 ਸੈਕਿੰਡ ਦਾ ਸਮਾਂ ਕੱਢ ਕੇ ਕੌਮੀ ਰਿਕਾਰਡ ਆਪਣੇ ਨਾਮ ਕੀਤਾ ਜਦਕਿ 2021 ਵਿਚ ਉਸ ਨੇ ਆਪਣਾ ਸਭ ਤੋਂ ਵਧੀਆ ਸਮਾਂ 10.27 ਸੈਕਿੰਡ ਦਾ ਕੱਢਿਆ ਸੀ।

ਸਿਹਤ ਦੀ ਖਰਾਬੀ ਕਾਰਨ ਉਸ ਨੂੰ ਕਾਫੀ ਸਮਾਂ ਟਰੈਕ ਤੋਂ ਦੂਰ ਵੀ ਰਹਿਣਾ

ਪਿਆ। ਪਰ ਉਸ ਨੇ ਬਿਮਾਰੀ ਨੂੰ ਇਕ ਚੁਣੌਤੀ ਵਜੋਂ ਲਿਆ ਅਤੇ ਹਰ ਪੱਖ ਤੋਂ ਸਿਹਤਯਾਬ ਹੋ ਕੇ ਦੁਬਾਰਾ ਟਰੈਕ ਵਿਚ ਧਮਾਕੇਦਾਰ ਵਾਪਸੀ ਕਰਕੇ ਆਪਣੇ ਇਰਾਦੇ ਜ਼ਾਹਰ ਕਰ ਦਿੱਤੇ। ਅੰਤਰ ਰਾਸ਼ਟਰੀ ਪੱਧਰ ਦੀ ਸਿਖਲਾਈ ਲੈਣ ਲਈ ਗੁਰਿੰਦਰਵੀਰ ਨੇ ਰਿਲਾਇੰਸ ਫਾਊਂਡੇਸ਼ਨ ਓਡੀਸ਼ਾ ਅਥਲੈਟਿਕਸ ਹਾਈ ਪਰਫਾਰਮੈਂਸ ਸੈਂਟਰ ਵਿਚ ਅਥਲੈਟਿਕਸ ਕੋਚ ਜੇਮਸ ਹਿਲੀਅਰ ਦੀ ਨਿਗਰਾਨੀ ਹੇਠ ਖ਼ੂਬ ਪਸੀਨਾ ਵਹਾਇਆ ਅਤੇ ਆਪਣੀ ਦੌੜ ਵਿਚ ਹੋਰ ਨਿਖਾਰ ਲਿਆਂਦਾ।

ਗੁਰਿੰਦਰਵੀਰ ਸਿੰਘ ਦੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਭਾਰਤੀ ਹਵਾਈ ਸੈਨਾ ਵਿਚ ਉਸ ਨੂੰ ਬਤੌਰ ਪੈਟੀ ਅਫਸਰ ਭਰਤੀ ਕਰ ਲਿਆ ਗਿਆ। ਆਪਣੇ ਆਲੋਚਕਾਂ ਨਾਲ ਬਹਿਸ ਕਰਨ ਦੀ ਥਾਂ ਉਸ ਨੇ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਕਰਦਿਆਂ ਆਪਣੀ ਖੇਡ ਵਿਚ ਹੋਰ ਸੁਧਾਰ ਕੀਤਾ ਅਤੇ ਆਲੋਚਕਾਂ ਨੂੰ ਟਰੈਕ ਵਿਚ ਆਪਣੀ ਕਾਬਲੀਅਤ ਦਿਖਾ ਦੇ ਜਵਾਬ ਦੇਣਾ ਉਚਿਤ ਸਮਝਿਆ।

ਗੁਰਿੰਦਰਵੀਰ ਸਿੰਘ ਦੇ ਅਥਲੈਟਿਕਸ ਦੇ ਸਫਰ ਦੀ ਸ਼ੁਰੂਆਤ ਤੋਂ ਲੈ ਕੇ ਕੌਮੀ ਰਿਕਾਰਡ ਤੋੜਨ ਤੱਕ ਦਾ ਰਸਤਾ ਕੋਈ ਸੁਖਾਲਾ ਨਹੀਂ ਹੈ। ਇਸ ਪਿੱਛੇ ਜਿੱਥੇ ਉਸ ਨੇ ਆਪਣਾ ਪਸੀਨਾ ਵਹਾਇਆ ਹੈ, ਉੱਥੇ ਦੂਜੇ ਪਾਸੇ ਉਸ ਦੇ ਪਰਿਵਾਰ ਦੀ ਸਾਲਾਂ ਬੱਧੀ ਘਾਲਣਾ ਵੀ ਕੋਈ ਘੱਟ ਮਹੱਤਵਪੂਰਨ ਨਹੀਂ ਹੈ। ਉਸ ਦੇ ਪਿਤਾ ਕਮਲਜੀਤ ਸਿੰਘ ਨੇ ਆਪਣੇ ਆਰਥਿਕ ਹਾਲਾਤ ਸਾਜ਼ਗਾਰ ਨਾ ਹੋਣ ਦੇ ਬਾਵਜੂਦ ਵੀ ਆਪਣੇ ਪੁੱਤਰ ਨੂੰ ਵਧੀਆ ਟਰੇਨਿੰਗ ਦਿਵਾਈ। ਉਸ ਲਈ ਚੰਗੀ ਖੁਰਾਕ ਦਾ ਪ੍ਰਬੰਧ ਕੀਤਾ। ਉਸ ਦਾ ਪਿਤਾ ਮਿਲਖਾ ਸਿੰਘ ਤੋਂ ਬੜਾ ਪ੍ਰਭਾਵਿਤ ਸੀ ਅਤੇ ਆਪਣੇ ਪੁੱਤਰ ਨੂੰ ਵੀ ਉਹ ਮਿਲਖਾ ਸਿੰਘ ਵਾਂਗ ਇਕ ਉੱਚ ਕੋਟੀ ਦਾ ਅਥਲੀਟ ਦੇਖਣਾ ਚਾਹੁੰਦਾ ਸੀ। ਜਦੋਂ ਉਹ ਆਪਣੇ ਪੁੱਤਰ ਨੂੰ ਓਸੇਨ ਬੋਲਟ ਦੀਆਂ ਪ੍ਰਾਪਤੀਆਂ ਬਾਰੇ ਦੱਸਦਾ ਤਾਂ ਗੁਰਿੰਦਰਵੀਰ ਵੀ ਅੱਗੋਂ ਓਸੇਨ ਬੋਲਟ ਵਾਂਗ ਤੇਜ਼ ਦੌੜ ਕੇ ਪ੍ਰਾਪਤੀਆਂ ਕਰਨ ਦੀ ਗੱਲ ਕਰਦਾ।

22 ਮਈ 2026 ਨੂੰ ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿਚ ਹੋਏ ਸੈਮੀਫਾਈਨਲ ਮੁਕਾਬਲੇ ਵਿਚ ਗੁਰਿੰਦਰਵੀਰ ਸਿੰਘ ਨੇ ਪਹਿਲੇ ਸੈਮੀਫਾਈਨਲ ਵਿਚ 10.17 ਸੈਕਿੰਡ ਦੇ ਸਮੇਂ ਨਾਲ ਦੌੜ ਪੂਰੀ ਕਰਕੇ ਅਨਿਮੇਸ਼ ਕੁਜੂਰ ਦਾ 100 ਮੀਟਰ ਫਰਾਟਾ ਦੌੜ ਦਾ ਰਿਕਾਰਡ ਤੋੜ ਦਿੱਤਾ ਸੀ। ਪਰ ਅਗਲੇ ਪੰਜ ਮਿੰਟ ਬਾਅਦ ਹੀ ਦੂਸਰੇ ਸੈਮੀਫਾਈਨਲ ਵਿਚ ਅਨਿਮੇਸ਼ ਨੇ 10.15 ਸੈਕਿੰਡ ਦੇ ਸਮੇਂ ਨਾਲ ਨਵਾਂ ਕੌਮੀ ਰਿਕਾਰਡ ਬਣਾ ਕੇ ਆਪਣਾ ਤਾਜ ਵਾਪਸ ਲੈ ਲਿਆ ਸੀ।

ਅਗਲੇ ਦਿਨ 23 ਮਈ ਨੂੰ ਜਦੋਂ ਫਾਈਨਲ ਦੌੜ ਦੀ ਅਨਾਊਂਸਮੈਂਟ ਹੋਈ ਤਾਂ ਸਾਰੇ ਦਰਸ਼ਕਾਂ ਨੇ ਆਪਣੇ ਦਿਮਾਗ਼ ਵਿਚ ਇਸ ਦੌੜ ਦਾ ਰਿਜ਼ਲਟ ਪਹਿਲਾਂ ਹੀ ਤੈਅ ਕਰ ਲਿਆ ਸੀ ਅਤੇ ਅਨਿਮੇਸ਼ ਨੂੰ ਜੇਤੂ ਮੰਨਿਆ ਜਾ ਰਿਹਾ ਸੀ ਪਰ ਗੁਰਿੰਦਰਵੀਰ ਸਿੰਘ ਦੇ ਮਨ ਵਿਚ ਕੁਝ ਹੋਰ ਹੀ ਚਲਦਾ ਸੀ। ਉਸ ਨੇ ਆਪਣੇ ਮਨ ਵਿਚ ਨਵਾਂ ਕੌਮੀ ਰਿਕਾਰਡ ਬਣਾ ਲਿਆ ਸੀ। ਜਿਉਂ ਹੀ ਦੌੜ ਸ਼ੁਰੂ ਹੋਈ ਗੁਰਿੰਦਰਵੀਰ ਧੂੜਾਂ ਪੱਟਦਾ ਜਾ ਰਿਹਾ ਸੀ, ਮਹਾਂਭਾਰਤ ਦੇ ਅਰਜਨ ਵਾਂਗ ਉਸ ਦਾ ਧਿਆਨ ਮੱਛੀ ਦੀ ਅੱਖ (ਰਿਕਾਰਡ) 'ਤੇ ਸੀ। ਉਸ ਨੇ ਜਿਉਂ ਹੀ ਦੌੜ ਖਤਮ ਕੀਤੀ ਸਾਰਾ ਸਟੇਡੀਅਮ ਪੱਬਾਂ ਭਾਰ ਖੜ੍ਹਾ ਹੋ ਕੇ ਉਸ ਦਾ ਸਵਾਗਤ ਕਰ ਰਿਹਾ ਸੀ। ਉਸ ਨੇ ਦੂਜੇ ਦਿਨ ਹੀ ਭਾਜੀ ਮੋੜ ਕੇ 100 ਮੀਟਰ ਦਾ ਕੌਮੀ ਰਿਕਾਰਡ 10.09 ਦੇ ਸਮੇਂ ਨਾਲ ਆਪਣੇ ਨਾਂਅ ਕਰ ਲਿਆ। ਇਸ ਤਰ੍ਹਾਂ ਉਹ 100 ਮੀਟਰ ਦੌੜ ਵਿਚ 10.10 ਸੈਕਿੰਡ ਦਾ ਬੈਰੀਅਰ ਤੋੜਨ ਵਾਲਾ ਪਹਿਲਾ ਖਿਡਾਰੀ ਬਣਿਆ। ਹੁਣ ਉਹ ਦਿਨ ਵੀ ਦੂਰ ਨਹੀਂ ਜਦੋਂ 9 ਸੈਕਿੰਡ ਵਾਲੀ ਲਾਈਨ ਵਿਚ ਉਸ ਦਾ ਨਾਮ ਗੂੰਜੇਗਾ।

-ਹਰਜੀਤ ਸਿੰਘ ਜੋਗਾ

ਧੰਨਵਾਦ ਸਹਿਤ ਅਦਾਰਾ 'ਅਜੀਤ' 'ਚੋਂ

* * * * *

ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

ਸੰਪਾਦਕ - ਸੁਰਿੰਦਰ ਸਿੰਘ ਰੂਬੀ

98141-28181

ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ 15 ਅਪ੍ਰੈਲ ਸੰਨ 1563 (19 ਵੈਸਾਖ ਵਦੀ 7 ਸੰਮਤ 1620) ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ, ਬੀਬੀ ਭਾਨੀ ਜੀ ਦੀ ਪਵਿੱਤਰ ਕੁੱਖ ਤੋਂ (ਨਾਨਕੇ ਘਰ) ਸ੍ਰੀ ਗੋਇੰਦਵਾਲ ਸਾਹਿਬ ਅਵਤਾਰ ਧਾਰਿਆ। **''ਗੁਰੂ ਅਮਰਦਾਸ ਜੀ ਦੀ ਅਸੀਸ, ਦੋਹਿਤਾ ਬਾਣੀ ਦਾ ਬੋਹਿਥਾ''** ਆਪ ਜੀ ਦਾ ਬਚਪਨ ਤੀਸਰੇ ਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ, ਜੋ ਕਿ ਆਪ ਜੀ ਦੇ ਨਾਨਾ ਜੀ ਸਨ, ਦੀ ਰੂਹਾਨੀ ਗੋਦ ਵਿਚ ਬੀਤਿਆ। ਗੁਰਮੁੱਖੀ ਅੱਖਰ ਆਪ ਜੀ ਨੂੰ ਗੁਰੂ ਅਮਰਦਾਸ ਜੀ ਨੇ ਸਿਖਾਏ, ਦੇਖ-ਰੇਖ ਬਾਬਾ ਬੁੱਢਾ ਜੀ ਨੇ, ਮੋਹਰੀ ਜੀ ਨੇ ਗਣਿਤ ਵਿਦਿਆ ਸਿਖਲਾਈ, ਦੇਵਨਾਗਰੀ ਪਿੰਡ ਦੀ ਪਾਠਸ਼ਾਲਾ ਤੋਂ ਸਿੱਖੀ, ਸੰਸਕ੍ਰਿਤ ਦਾ ਗਿਆਨ ਪੰਡਿਤ ਬੈਣੀ ਜੀ ਕੋਲੋਂ ਸਿੱਖਿਆ। ਗੁਰੂ ਅਰਜਨ ਦੇਵ ਜੀ ਨੇ ਹਰ ਵਿੱਦਿਆ ਵਿਚ ਮੁਹਾਰਤ ਹਾਸਲ ਕਰ ਲਈ ਸੀ। ਆਪ ਜੀ ਚਿੱਤਰਕਾਰੀ, ਉਸਾਰੀ ਅਤੇ ਸ਼ਿਲਪ ਕਲਾ ਵਿਚ ਵੀ ਨਿਪੁੰਨ ਹੋ ਗਏ ਸਨ। ਸ੍ਰੀ ਹਰਿਮੰਦਰ ਸਾਹਿਬ, ਤਰਨਤਾਰਨ, ਡੱਬੀ ਬਾਜ਼ਾਰ ਲਾਹੌਰ, ਬਾਉਲੀ ਸਾਹਿਬ, ਦੀਵਾਨ ਖਾਨਾ, ਕਰਤਾਰਪੁਰ (ਜਲੰਧਰ) ਦਾ ਸ਼ੀਸ਼ ਮਹੱਲ ਅਤੇ ਉਨ੍ਹਾਂ ਦੁਆਰਾ ਲਗਾਏ ਗਏ ਬਾਗ ਢੁੱਕਵੀਆਂ ਉਦਾਹਰਨਾਂ ਹਨ।



ਸ੍ਰੀ ਗੁਰੂ ਰਾਮਦਾਸ ਜੀ ਦੇ ਤਾਏ ਦੇ ਪੁੱਤਰ (ਸੰਹਾਰੀ ਮੱਲ ਜੀ) ਲਾਹੌਰ ਤੋਂ ਆਪਣੇ ਬੇਟੇ ਦੇ ਵਿਆਹ ਦੇ ਸਮਾਗਮ ਵਿਚ ਸ਼ਾਮਲ ਹੋਣ ਲਈ ਸੱਦਾ ਦੇ ਕੇ ਗਏ। ਆਪ ਜੀ ਰੁਝੇਵਿਆਂ ਕਾਰਨ ਨਾ ਜਾ ਸਕਣ ਕਾਰਨ ਉਚਿੱਤ ਸਮਝਿਆ ਕਿ ਕਿਸੇ ਪੁੱਤਰ ਨੂੰ ਭੇਜ ਦਿੱਤਾ ਜਾਵੇ, ਪ੍ਰੰਤੂ ਪ੍ਰਿਥੀ ਚੰਦ ਅਤੇ ਮਹਾਂਦੇਵ ਵੱਲੋਂ ਬਹਾਨੇਬਾਜ਼ੀ ਕਰਨ ਤੇ ਅਤੇ ਪਿਤਾ ਸਮਝ ਕੇ ਨਾਂਹ ਕਰ ਦਿੱਤੀ। ਉਪਰੰਤ ਸ੍ਰੀ ਗੁਰੂ ਰਾਮਦਾਸ ਜੀ ਨੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਹਿਣਾ ਕੀਤਾ, ਪੁੱਤਰ ਆਪਣੇ ਭਰਾ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਲਾਹੌਰ ਜਾਣ ਦੀ ਤਿਆਰੀ ਕਰੋ। ਜੋ ਆਗਿਆ ਪਿਤਾ ਜੀ ਅਤੇ ਆਪਣਾ ਸਿਰ ਗੁਰੂ ਜੀ ਅੱਗੇ ਝੁਕਾਇਆ। ਗੁਰੂ ਜੀ ਨੇ ਕਿਹਾ ਤੇਰਾ ਕੰਮ ਸਿਰਫ਼ ਵਿਆਹ ਦੇ ਰੰਗ ਤਮਾਸ਼ਿਆ ਵਿਚ ਸ਼ਾਮਲ ਹੋਣਾ ਨਹੀਂ, ਅਸਲ ਕੰਮ ਉਥੇ ਆਏ ਸੰਬੰਧੀਆਂ, ਮਿੱਤਰਾਂ ਤੇ ਉਥੋਂ ਦੀ ਸੰਗਤ ਨੂੰ ਗੁਰੂ ਘਰ ਨਾਲ ਜੋੜਨਾ ਹੈ ਅਤੇ ਤੁਸੀਂ ਲਾਹੌਰ ਤੋਂ ਸਾਡੇ ਬੁਲਾਉਣ ਤੇ ਹੀ ਆਉਣਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਪਿਤਾ ਦੇ ਆਦੇਸ਼ ਦੀ ਪਾਲਣਾ ਕਰਦੇ ਹੋਏ ਤਨਦੇਹੀ ਨਾਲ ਲਾਹੌਰ ਵਿਖੇ ਵਿਆਹ ਕਾਰਜਾਂ ਤੋਂ ਵਿਹਲੇ ਹੋ ਕੇ ਸੰਗਤਾਂ-ਸੰਬੰਧੀਆਂ ਨੂੰ ਜਪੁਜੀ ਸਾਹਿਬ ਅਤੇ ਨਾਮ ਬਾਣੀ ਨਾਲ ਸਵੇਰੇ ਸ਼ਾਮ ਜੋੜ ਕੇ ਅਨੰਦ ਮਹਿਸੂਸ ਕਰਦੇ ਰਹੇ। ਪਰ ਆਪ ਲਈ ਗੁਰੂ ਜੀ ਤੋਂ ਇਕ ਪਲ ਵਿਛੋੜ ਅਸਿਹ ਸੀ ਅਤੇ ਵਿਆਕੁਲ ਰਹਿਣ ਲੱਗੇ। ਸ੍ਰੀ ਗੁਰੂ ਅਰਜਨ ਦੇਵ ਜੀ ਇਕ ਤੋਂ ਬਾਅਦ ਇਕ ਕਰਕੇ ਗੁਰਸਿੱਖ ਦੇ ਹੱਥ ਪਿਤਾ ਗੁਰੂ ਕੋਲ ਚਿੱਠੀ ਭੇਜਦੇ ਰਹੇ ਪ੍ਰੰਤੂ ਦੋ ਵਾਰ ਪ੍ਰਿਥੀ ਚੰਦ ਉਹ ਰੁਕੇ (ਚਿੱਠੀ) ਆਪ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਤੱਕ ਨਾ ਪਹੁੰਚਣ ਦਿੱਤੇ ਅਤੇ ਝੂਠਾ ਭਰੋਸਾ ਦੇ ਕੇ ਸਿੱਖ ਨੂੰ ਵਾਪਿਸ ਭੇਜਦਾ ਰਿਹਾ। ਇਨ੍ਹਾਂ ਦੋਵਾਂ ਚਿੱਠੀਆਂ ਵਿਚ ਲਿਖਿਆ ਸੀ **''ਮੇਰਾ ਮਨੁ ਲੋਚੇ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨ ਦਰਸ਼ਨ ਸੰਤ ਪਿਆਰੇ ਜੀਉ॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰੂ ਦਰਸ਼ਨ ਸੰਤ ਪਿਆਰੇ ਜੀਉ॥੧॥ ਤੇਰਾ ਮੁਖਿ ਸੁਹਾਵਾ ਜੀਉ ਸਹਜ ਧੁਨਿ ਬਾਣੀ॥ ਚਿਰ ਹੋਆ ਦੇਖੈ ਸਾਰਿੰਗ ਪਾਣੀ॥ ਧੰਨ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥ ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥੨॥''** ਗੁਰੂ ਅਰਜਨ ਦੇਵ ਜੀ ਨੇ ਤੀਸਰੀ ਚਿੱਠੀ ਦੇਣ ਵੇਲੇ ਸਿੱਖ ਨੂੰ ਬੁਲਾ ਕੇ ਤਾਕੀਦ ਕੀਤੀ ਕਿ ਹਰ ਹਾਲਤ ਵਿਚ ਇਹ ਚਿੱਠੀ ਗੁਰੂ ਜੀ ਦੇ ਸਪੁਰਦ ਕਰਨੀ ਹੈ ਕਿਸੇ ਨੂੰ ਨਹੀਂ ਦੇਣੀ। ਗੁਰ ਕੇ ਚੱਕ (ਅੰਮ੍ਰਿਤਸਰ) ਪੁਜ ਕੇ ਉਸ ਨੇ ਉਚਿਤ ਸਮਾਂ ਵੇਖ ਕੇ ਗੁਰੂ ਜੀ ਨੂੰ ਮੱਥਾ ਟੇਕਦੇ ਹੋਏ ਤੇ ਚਿੱਠੀ ਸੌਂਪਦੇ ਹੋਏ ਬੇਨਤੀ ਕੀਤੀ ''ਮਹਾਰਾਜ, ਅਰਜਨ ਦੇਵ ਜੀ ਨੇ ਆਪ ਜੀ ਤੋਂ ਆਦੇਸ਼ ਲਿਆਉਣਾ ਲਈ ਕਿਹਾ ਹੈ'' ਕਹਿੰਦੇ ਹੋਏ ਸੰਗਤਾਂ ਵਿਚ ਬੈਠ ਗਿਆ। ਗੁਰੂ ਜੀ ਨੇ ਚਿੱਠੀ ਪੜ੍ਹੀ **''ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ ਮੋਹਿ ਰੈਣਿ ਨਾ ਵਿਹਾਵੈ ਨੀਂਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥ ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥੩॥''** ਗੁਰੂ ਰਾਮਦਾਸ ਜੀ ਨੇ ਚਿੱਠੀ ਪੜ੍ਹਨ ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਵਸਥਾ ਸਮਝਦੇ ਹੋਏ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਕਿ ਲਾਹੌਰ ਜਾ ਕੇ ਅਰਜਨ ਦੇਵ ਨੂੰ ਲੈ ਕੇ ਆਉਣ। ਜਦੋਂ ਸ੍ਰੀ ਅਰਜਨ ਦੇਵ ਜੀ ਬਾਬਾ ਬੁੱਢਾ ਜੀ ਨਾਲ ਸ੍ਰੀ ਗੁਰੂ ਰਾਮਦਾਸ ਜੀ ਦੇ ਦੀਵਨ ਸਮੇਂ ਪੁੱਜੇ ਤਾਂ ਚਰਨਾਂ ਤੇ ਢਹਿ ਪਏ ਅਤੇ ਵੈਰਾਗ ਵਿਚ ਹੰਝੂਆਂ ਨਾਲ ਉਨ੍ਹਾਂ ਦੇ ਪੈਰ ਧੋ ਦਿੱਤੇ। ਗੁਰੂ ਪਿਤਾ ਜੀ ਨੇ ਗਲੇ ਨਾਲ ਲਾ ਲਿਆ। ਅਰਜਨ ਦੇਵ ਜੀ ਦਾ ਮਨ ਤਨ ਸੀਤਲ ਹੋ ਗਿਆ। ਗੁਰੂ ਅਰਜਨ ਦੇਵ ਜੀ ਦੇ ਪੁੱਛਣ ਤੇ ਪ੍ਰਿਥੀ ਚੰਦ ਦੇ ਚੋਲੇ ਵਿਚੋਂ ਪਹਿਲੀਆਂ ਦੋ ਪੜ੍ਹਿਕਾਵਾਂ ਮਿਲਣ ਤੇ ਜਦ ਗੁਰੂ ਜੀ ਨੇ ਤਿੰਨ ਚਿੱਠੀਆਂ ਨੂੰ ਇਕੱਠਿਆਂ ਪੜ੍ਹਿਆ ਤਾਂ ਸੰਗਤ ਵਿਚ ਬਾਬਾ ਬੁੱਢਾ ਜੀ ਨੇ ਅਰਜਨ ਦੇਵ ਦੀ ਬਿਬੇਕ ਬੁੱਧ, ਪ੍ਰਮਾਤਮਾ ਦੇ ਭਉ, ਭਾਉ ਵੈਰਾਗ ਅਤੇ ਸਹਿਜ ਅਵਸਥਾ ਨੂੰ ਜਾਂਚਦੇ ਹੋਏ ਕਿਹਾ ਕਿ ਅਰਜਨ

ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524



ਦੇਵ ਜੀ ਹੀ ਗੁਰਗੱਦੀ ਸੰਭਾਲਣ ਦੇ ਯੋਗ ਹਨ। ਸੋ ਬਾਬਾ ਬੁੱਢਾ ਜੀ ਦੇ ਵਿਚਾਰ ਸੁਨਣ ਉਪਰੰਤ ਬਿਨਾਂ ਕਿਸੇ ਦੇਰ ਦੇ ਗੁਰ ਮਰਿਯਾਦਾ ਅਨੁਸਾਰ ਇਕ (1) ਸਤੰਬਰ 1581 ਈ. ਨੂੰ ਆਪ ਜੀ ਨੂੰ ਗੁਰਗੱਦੀ ਦੀ ਸੇਵਾ ਸੰਭਾਲ ਦਿੱਤੀ ਗਈ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ 4 ਮਹੀਨੇ ਦੀ ਸੀ। ਆਪਜੀ ਇਸ ਗੁਰਤਾਗੱਦੀ ਤੇ 30 ਮਈ, ਸੰਨ 1606 ਈ. ਤੱਕ ਬਿਰਾਜਮਾਨ ਰਹੇ। ਸ੍ਰੀ ਰਾਮਦਾਸ ਜੀ ਨੇ ਗੁਰਗੱਦੀ ਗੁਰੂ ਅਰਜਨ ਦੇਵ ਨੂੰ ਸੌਂਪਣ ਤੋਂ ਦੋ (2) ਦਿਨ ਬਾਅਦ 47 ਸਾਲ ਦੀ ਦੁਨਿਆਵੀ ਉਮਰ ਬਿਤਾਉਂਦਿਆਂ ਆਪਣਾ ਪੰਜ ਭੂਤਕ ਸਰੀਰ ਤਿਆਗ ਦਿੱਤਾ ਅਤੇ ਆਪਣੇ ਮੂਲ ਵਿਚ ਸਮਾ ਗਏ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਆਹ 01-07-1589 ਨੂੰ ਤਕਰੀਬਨ 26 ਸਾਲ ਦੀ ਉਮਰ ਵਿਚ ਤਹਿਸੀਲ ਫਿਲੌਰ ਦੇ ਮਊ ਪਿੰਡ ਨਿਵਾਸੀ ਸ੍ਰੀ ਕ੍ਰਿਸ਼ਨ ਚੰਦ ਜੀ ਦੀ ਸਪੁੱਤਰੀ ਮਾਤਾ ਗੰਗਾ ਜੀ ਨਾਲ ਹੋਇਆ ਅਤੇ ਇਸ ਸਮੇਂ ਸ਼ਾਨਦਾਰ ਯਾਦਗਾਰੀ ਗੁਰਦੁਆਰਾ ਅਤੇ ਗੁਰ ਅਰਜਨ ਦੇਵ ਜੀ ਦੁਆਰਾ ਲਗਾਇਆ ਖੂਹ ਉਥੇ ਹੈ। ਆਪ ਜੀ ਦੀ ਸੰਤਾਨ ਵਜੋਂ ਬਾਲਕ (ਗੁਰੂ) ਹਰਿਗੋਬਿੰਦ ਜੀ ਦਾ ਜਨਮ 19 ਜੂਨ 1595 ਨੂੰ ਗੁਰੂ ਕੀ ਵਡਾਲੀ ਵਿਖੇ ਹੋਇਆ। ਇਸ ਤਰ੍ਹਾਂ **''ਜਿਥੇ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ ॥''**

ਭਾਈ ਗੁਰਦਾਸ ਜੀ ਦੀ ਬਾਣੀ ਨੂੰ ਵਿਦਵਾਨਾਂ ਵੱਲੋਂ **'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ'** ਕਹਿ ਕੇ ਸਨਮਾਨਿਤ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਰਿਸ਼ਤੇ ਵਜੋਂ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਲੱਗਦੇ ਸਨ।

ਸੰਨ 1588 ਈ., ਜਨਵਰੀ ਦੀ ਤਿੰਨ (ਮਾਘੀ ਵਾਲੇ ਦਿਨ) ਆਪਜੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕੇਂਦਰ ਵਿਚ, ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਉਸ ਦੀ ਨੀਂਹ ਲਾਹੌਰ ਦੇ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ। **''ਸਭੈ ਸਾਂਝੀਵਾਲ ਸਦਾਇਣ ਕੋਇ ਨ ਦਿਸੈ ਬਾਹਿਰਾ ਜੀਓ''** ਦਾ ਉਪਦੇਸ਼ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਚਾਰੇ ਦਿਸ਼ਾਵਾਂ ਵੱਲ ਖੁਲ੍ਹਦੇ ਹਨ ਅਤੇ ਇਸ ਨੂੰ ਸਰਬ ਸਾਂਝਾ ਅਤੇ ਸਰਬ ਲੋਕਾਈ ਲਈ ਧਰਮ ਪਵਿੱਤਰ ਅਸਥਾਨ ਬਣਾ ਦਿੱਤਾ। ਇਸ ਦੇ ਨਾਲ ਹੀ ਗੁਰੂ ਜੀ ਨੇ ਸ਼ਹਿਰ ਨੂੰ ਆਰਥਿਕ ਤੌਰ 'ਤੇ ਮਜ਼ਬੂਤੀ ਪ੍ਰਦਾਨ ਕਰਨ ਲਈ ਸਾਰੀਆਂ ਮੁੱਢਲੀਆਂ ਤੇ ਭਵਨ ਨਿਰਮਾਣ ਦੀਆਂ ਸੇਵਾਵਾਂ ਮੁਹੱਈਆ ਕਰਾ ਦਿੱਤੀਆਂ। ਇਸੇ ਤਰ੍ਹਾਂ ਆਪ ਜੀ ਨੇ ਤਰਨਤਾਰਨ ਅਤੇ ਕਰਤਾਰਪੁਰ ਸ਼ਹਿਰ ਵਸਾਏ। ਤਰਨਤਾਰਨ ਵਿਖੇ ਕੋਹੜ ਦੇ ਰੋਗੀਆਂ ਲਈ ਵਿਸ਼ੇਸ਼ ਚਿਕਤਸ਼ਾਲਾ ਸਥਾਪਤ ਕੀਤਾ। ਆਪ ਜੀ ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸਰਹਾਲੀ ਤੇ ਖਾਨਪੁਰ ਤੱਕ ਗਏ। ਲਾਹੌਰ ਵਿਚ ਗੁਰਦੁਆਰਾ ਬਾਉਲੀ ਸਾਹਿਬ ਬਣਾਉਣ ਨਾਲ ਕਾਲ ਦੇ ਸਮੇਂ ਦਸਵੰਦ ਰਾਸ਼ੀ ਵਿਚੋਂ ਭੁੱਖ ਅਤੇ ਬਿਮਾਰੀਆਂ ਦੇ ਕਾਰਨ ਲੋਕਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਕੀਤੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨਾਂ, ਭਗਤਾਂ, ਭੱਟਾਂ ਅਤੇ ਗੁਰਸਿੱਖਾਂ ਦੀ ਬਾਣੀ ਨੂੰ ਇਕੱਠਾ ਕਰਕੇ ਰਾਗਾਂ ਅਤੇ ਬਾਣੀਆਂ ਦੀ ਤਰਤੀਬ ਦੇ ਕੇ, ਭਾਈ ਗੁਰਦਾਸ ਜੀ ਪਾਸੋਂ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕ ਬੀੜ ਲਿਖਵਾਈ। ਇਹ ਕਾਰਜ ਗੁਰੂ ਜੀ ਨੇ ਸੰਨ 1601 ਈ. ਵਿਚ ਸ਼ੁਰੂ ਕੀਤਾ ਜਿਹੜਾ ਸੰਨ 1604 ਈ. ਵਿਚ ਸੰਪੰਨ ਹੋਇਆ। ਇਸੇ ਅਸਥਾਨ ਤੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜਕਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬਹੁਤ ਸ਼ਰਧਾ ਅਤੇ ਸਤਿਕਾਰ ਸਹਿਤ ਛਾਪ ਕੇ ਤਿਆਰ ਕੀਤੇ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੀ ਸਭ ਤੋਂ ਵਧੇਰੇ ਬਾਣੀ ਦਰਜ ਹੈ ਜੋ ਕਿ 30 ਰਾਗਾਂ ਵਿਚ ਹੈ ਅਤੇ 2212 ਸ਼ਬਦ ਅਤੇ 6 ਵਾਰਾਂ ਹਨ। ਆਪ ਜੀ ਦੁਆਰਾ ਸ੍ਰੀ ਸੁਖਮਨੀ ਸਾਹਿਬ ਦੀ ਰਚਨਾ ਬਹੁਤ ਹੀ ਸਰਲ ਬਾਣੀ ਹੈ ਜੋ ਕਿ ਪਾਠ ਬਹੁਤ ਗੁਰਸਿੱਖਾਂ ਵੱਲੋਂ ਸਾਰੇ ਗੁਰੂ ਘਰਾਂ ਵਿਚ ਕੀਤਾ ਜਾਂਦਾ ਹੈ। ਰਾਗ ਬਾਰਹਮਾਂਹ ਦੀ ਬਾਣੀ ਵੀ ਮਹੀਨਿਆਂ ਅਨੁਸਾਰ ਗੁਰ ਉਪਦੇਸ਼ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ 1604 ਈ. ਨੂੰ ਕੀਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਪਰੰਤ ਕੋਠਾ ਸਾਹਿਬ ਵਿਖੇ ਆਪ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਜੋਂ ਹੇਠਾਂ ਜ਼ਮੀਨ ਤੇ ਸੌਂਦੇ ਰਹੇ ਸਨ।

ਆਪ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਵਜੋਂ ਵੀ ਯਾਦ ਕੀਤਾ ਜਾਂਦਾ ਹੈ ਕਿਉਂਕਿ ਆਪਜੀ ਸਿੱਖ ਪੰਥ ਦੇ ਪਹਿਲੇ ਸ਼ਹੀਦ ਹਨ। ਆਪ ਜੀ ਦੀ ਸ਼ਹੀਦੀ ਦਾ ਅਸਲ ਕਾਰਨ ਨਕਸ਼ਬੰਦੀਆਂ ਦੀ ਚੁਕ-ਚੁਕਾਈ, ਸਿੱਖ ਧਰਮ ਦੇ ਅਜ਼ਾਦੀ ਦੇ ਉਪਦੇਸ਼ ਅਤੇ ਹੋਰ ਨਾਲ ਲੱਗਦੇ ਮੌਕੇ ਦੇ ਕਾਰਣ ਪ੍ਰਿਥੀ ਚੰਦ ਦੁਆਰਾ ਵਿਰੋਧ, ਚੰਦੂ ਦੀ ਦੁਸ਼ਮਣੀ, ਸਨਾਤਨੀਆਂ ਦੀ ਵਿਰੋਧਤਾ, ਗੁਰੂ ਜੀ ਦੁਆਰਾ ਖੁਸਰੋ ਦੀ ਮੱਦਦ ਕਰਨ ਦੀ ਆੜ ਕਹੇ ਜਾਂਦੇ ਸਨ ਪ੍ਰੰਤੂ ਜਹਾਂਗੀਰ ਵੱਲੋਂ ਮੁੱਖ ਦ੍ਰਿੜ ਕੱਟੜ ਪੰਥੀ ਅਤੇ ਹਕੂਮਤ ਨੂੰ ਖਤਰਾ ਮਹਿਸੂਸ ਕਰਨ ਕਰਕੇ ਜੋ ਕਿ ਉਸਨੇ ਆਪਣੀ ਸਵੈਜੀਵਨੀ **'ਤੋਜਿਕਿ-ਏ-ਜਹਾਂਗਿਰੀ'** ਵਿਚ ਸਿੱਖੀ ਵਿਰੋਧੀ ਲਿਖਿਆ ਹੈ) ਗੁਰੂ ਜੀ ਨੂੰ ਈਰਖਾ ਵੱਸ 26 ਮਈ 1606 ਈ. ਨੂੰ ਲਾਹੌਰ ਲਿਆਂਦਾ ਗਿਆ ਅਤੇ ਲਾਹੌਰ ਦੇ ਹਾਕਮ ਮੁਰਤਜਾ ਖਾਨ ਦੇ ਹਵਾਲੇ ਕਰ ਦਿੱਤਾ ਗਿਆ। ਉਸਨੇ ਚੰਦੂ ਨੂੰ ਇਸ ਕੰਮ ਲਈ ਲਗਾਇਆ ਜਿਸਨੇ ਆਪਣੀ ਧੀ ਦਾ ਰਿਸ਼ਤਾ ਗੁਰੂ ਜੀ ਵੱਲੋਂ ਨਾ ਸਵੀਕਾਰ ਕਰਨ ਕਰਕੇ ਰੰਜਿਸ਼ ਵੱਸ ਹੋ ਕੇ ਤੱਤੀ ਤਵੀ ਤੇ ਬੈਠਾ ਕੇ ਸਿਰ ਉੱਤੇ ਤੱਤੀ ਰੇਤ ਪਾਈ ਅਤੇ ਫਿਰ ਉਬਲਦੇ ਪਾਣੀ ਵਿਚ ਉਬਾਲਿਆ ਗਿਆ ਜਿਸ ਦੌਰਾਨ ਸਰੀਰ ਛਾਲੇ-ਛਾਲੇ ਹੋ ਗਿਆ ਪ੍ਰੰਤੂ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਅਡੋਲ ਅਤੇ ਸ਼ਾਂਤ ਹੀ ਰਹੇ **''ਤੇਰਾ ਕੀਆ ਮੀਠਾ ਲਾਗੈ, ਹਰਿ ਨਾਮਿ ਪਦਾਰਥ ਨਾਨਕ ਮਾਂਗੇ ॥''** ਉਪਰੰਤ ਗੁਰੂ ਜੀ ਦੇ ਨਿਰਬਲ ਸਰੀਰ ਨੂੰ ਦਰਿਆ ਰਾਵੀ ਕਿਨਾਰੇ ਲਿਜਾਇਆ ਗਿਆ। ਗੁਰੂ ਜੀ ਇਸ਼ਨਾਨ ਕਰਨ ਗਏ ਪਰ ਵਾਪਸ ਨਹੀਂ ਪਰਤੇ। ਪਰ ਗੁਰੂ ਜੀ ਮੁਤੱਸਬੀ ਹੁਕਮਰਾਨ ਅਤੇ ਉਸਦੇ ਮੁਤਸਬੀ ਅਹਿਲਕਾਰਾਂ ਅੱਗੇ ਨਾ ਝੁਕੇ ਅਤੇ ਬੇਅੰਤ ਤਸੀਹੇ ਅਤੇ ਸਰੀਰਕ ਯਾਤਨਾਵਾਂ ਸ਼ਾਂਤ ਚਿੱਤ ਹੋ ਕੇ ਸਹਾਰਦੇ ਹੋਏ 30-05-1606 ਨੂੰ ਲਾਹੌਰ ਵਿਚ ਸ਼ਹੀਦੀ ਦਾ ਜਾਮ ਪੀ ਕੇ ਜੋਤੀ-ਜੋਤ ਸਮਾ ਗਏ। ਉਸ ਸਮੇਂ ਆਪ ਜੀ ਦੀ ਸੰਸਾਰਿਕ ਆਯੂ 43 ਸਾਲ ਇਕ (1) ਮਹੀਨਾ ਤੇ 15 ਦਿਨ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਪਰਮਾਤਮਾ ਨਾਲ ਇੱਕਮਿਕ ਹੋਏ, ਰੱਬੀ ਰੰਗ ਵਿਚ ਆਭੇਦ, ਦੁਖੀਆਂ ਦੇ ਦਰਦੀ, ਮਹਾਨ ਤਪੱਸਵੀ, ਦੂਰਅੰਦੇਸ਼, ਕੌਮੀ ਉਸਰਈਏ, ਦਿੱਬ ਦ੍ਰਿਸ਼ਟੀ ਦੇ ਮਾਲਕ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਂਦੇ ਹੋਏ ਮਹਾਨ ਸ਼ਹੀਦੀ ਅਤੇ ਕੁਰਬਾਨੀ ਦੇ ਫਲਸਫੇ ਨੂੰ ਹਿਰਦਿਆਂ ਵਿਚ ਵਸਾ ਕੇ ਲੋਕਾਈ ਦੀ ਸੇਵਾ ਕਰੀਏ, ਅਨਿਆਂ ਖਿਲਾਫ ਸੰਘਰਸ਼ੀਲ ਹੋਈਏ, ਅਜੋਕੇ ਸਮੇਂ ਵਿਚ ਵਿਹਾਰ ਸੁਧਾਰ ਲਿਆਈਏ ਅਤੇ ਈਰਖਾ ਵੈਰ ਵਿਰੋਧ ਤੋਂ ਬੱਚ ਕੇ ਰਹੀਏ ਇਹੀ ਸਾਡੀ ਗੁਰੂ ਸਾਹਿਬ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

30 ਜੂਨ ਅਵਤਾਰ ਪੁਰਬ 'ਤੇ ਵਿਸ਼ੇਸ਼

ਮੀਰੀ-ਪੀਰੀ ਦੇ ਮਾਲਿਕ ਗੁਰੂ ਹਰਿਗੋਬਿੰਦ ਸਾਹਿਬ



ਇਤਿਹਾਸਕਾਰ 'ਛਠਮ ਪੀਰ' ਦੇ ਗੁਰਿਆਈ ਕਾਲ ਨੂੰ ਸਿੱਖ ਲਹਿਰ ਦਾ ਮਹੱਤਵਪੂਰਨ ਪੜਾਅ ਮੰਨਦੇ ਹਨ। ਗੁਰੂ ਅਰਜਨ ਸਾਹਿਬ ਦੇ ਸੁਚੱਜੇ ਪ੍ਰਬੰਧ ਅਤੇ ਸਿੱਖੀ ਵਿਚਾਰਧਾਰਾ ਦੀ ਸਰਲਤਾ ਨੇ ਹਰ ਆਮ ਵਿਅਕਤੀ ਨੂੰ ਪ੍ਰਭਾਵਿਤ ਕੀਤਾ ਸੀ। ਸਿਮਰਨ, ਨਿਮਰਤਾ, ਸੇਵਾ ਅਤੇ ਵੰਡ ਛਕਣ ਵਰਗੇ ਗੁਣਾਂ ਕਰਕੇ ਲੋਕ-ਸਮੂਹ ਸਿੱਖ ਮੱਤ ਵਿਚ ਪ੍ਰਵੇਸ਼ ਕਰ ਰਹੇ ਸਨ। ਅੰਮ੍ਰਿਤਸਰ ਅਤੇ ਹੋਰ ਕੇਂਦਰਾਂ ਉੱਪਰ ਹਰ ਸਮੇਂ ਸ਼ਰਧਾਲੂਆਂ ਦੀ ਭੀੜ ਲੱਗੀ ਰਹਿੰਦੀ ਸੀ। ਸ਼ਰਧਾਲੂਆਂ ਦੀਆਂ ਭੇਟਾਵਾਂ ਅਤੇ ਮਸੰਦਾਂ ਦੁਆਰਾ ਇਕੱਠਾ ਕੀਤਾ ਦਸਵੰਧ, ਗੁਰੂ-ਘਰ ਨੂੰ ਕਦੇ ਆਰਥਿਕ ਸੰਕਟ ਨਾ ਆਉਣ ਦਿੰਦਾ।

ਬੀਰਬਲ ਅਤੇ ਚੰਦੂ, ਹਿੰਦੂ ਮੁਸਲਮਾਨ ਸੋਚ ਦੇ ਪ੍ਰਤੀਨਿਧ ਵਜੋਂ ਹਕੂਮਤ ਦੇ ਕੰਨ ਭਰਦੇ ਰਹੇ ਅਤੇ ਪ੍ਰਿਥੀ ਚੰਦ ਵੀ ਹਾਕਮਾਂ ਕੋਲ 'ਹੱਕ' ਲੈਣ ਲਈ ਦਰਖਾਸਤਾਂ ਦਿੰਦਾ ਰਿਹਾ। ਨਕਸ਼ਬੰਦੀ ਮੁਸਲਮਾਨ ਤਾਂ ਸਮੇਂ ਦੇ ਬਾਦਸ਼ਾਹ ਨੂੰ ਉਂਗਲਾਂ ਉੱਪਰ ਨਚਾਉਣਾ ਚਾਹੁੰਦੇ ਸਨ। ਸਭ ਤਰ੍ਹਾਂ ਦੇ ਵਿਰੋਧੀ ਇਕੱਠੇ ਨਜ਼ਰ ਆ ਰਹੇ ਸਨ। ਖੁਸਰੋ ਦੀ ਮਦਦ ਕਰਨ ਦਾ ਦੋਸ਼, ਕੰਨਾਂ ਦੇ ਕੱਚੇ ਬਾਦਸ਼ਾਹ ਅਤੇ ਵਿਰੋਧੀਆਂ ਲਈ ਕਾਫੀ ਸੀ। ਇਹ ਗੱਠਜੋੜ ਸਮਝਦਾ ਸੀ ਕਿ ਇਕ ਝਟਕੇ ਨਾਲ ਲਹਿਰ ਨੂੰ ਖਦੇੜ ਦਿੱਤਾ ਜਾਵੇ। ਸੰਨ ੧੬੦੬ ਈ. ਨੂੰ ਲਾਹੌਰ ਵਿਖੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਗਿਆਰਾਂ ਵਰ੍ਹਿਆਂ ਦੀ ਸੀ। 19 ਜੂਨ 1595 ਈ. ਨੂੰ ਗੁਰੂ ਕੀ ਵਡਾਲੀ ਵਿਖੇ ਗੁਰੂ ਅਰਜਨ ਸਾਹਿਬ ਦੇ ਘਰ, ਮਾਤਾ ਗੰਗਾ ਜੀ ਦੇ ਉਦਰ ਤੋਂ 'ਦਲਿਭੰਜਨ ਗੁਰੂ ਸੂਰਮਾ' ਜਨਮਿਆ। ਪ੍ਰਿਥੀ ਚੰਦ ਦੀਆਂ ਮਨ ਦੀਆਂ ਮਨ ਵਿਚ ਰਹਿ ਗਈਆਂ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਗੁਰੂ ਅਰਜਨ ਸਾਹਿਬ ਦੇ ਆਦੇਸ਼ ਮੁਤਾਬਿਕ, ਸਿੱਖ ਮੱਤ ਦੇ ਫ਼ੌਜੀਕਰਨ ਦਾ ਐਲਾਨ ਕੀਤਾ। ਗੁਰਗੱਦੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਸਤਾਰ ਅਤੇ ਦੋ ਤਲਵਾਰਾਂ ਪਹਿਨੀਆਂ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਸੰਤ-ਸਿਪਾਹੀ ਬਣਾਉਣ ਲਈ, ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਦੂਰ-ਨੇੜੇ ਦੇ ਸਿੱਖਾਂ ਨੂੰ ਅੰਮ੍ਰਿਤਸਰ ਬੁਲਵਾਇਆ ਅਤੇ ਉਨ੍ਹਾਂ ਨੂੰ ਚੰਗੇ ਹਥਿਆਰ ਅਤੇ ਘੋੜੇ ਨਜ਼ਰਾਨੇ ਵਜੋਂ ਲਿਆਉਣ ਲਈ ਕਿਹਾ। ਬਾਅਦ ਵਿਚ ਚੰਗੇ ਘੋੜਿਆਂ ਦੀ ਖਰੀਦ ਲਈ ਕੁਝ ਸਿੱਖਾਂ ਨੂੰ ਬੁਖ਼ਾਰੇ ਵੀ ਭੇਜਿਆ ਗਿਆ। ਸਿੱਖਾਂ ਲਈ ਸ਼ਸਤਰ-ਵਿੱਦਿਆ ਦਾ ਪ੍ਰਬੰਧ ਕੀਤਾ ਅਤੇ ਛੇਤੀ ਹੀ ਗੁਰੂ ਜੀ ਕੋਲ ਬਹਾਦਰ ਗੱਭਰੂਆਂ ਦੀ ਇਕ ਫ਼ੌਜ ਤਿਆਰ ਹੋ ਗਈ।

ਭਗਵਾਨ ਸਿੰਘ
ਲੁਬਾਣਾ
ਪ੍ਰਧਾਨ ਬਮਸਲ ਫਾਉਂਡੇਸ਼ਨ
ਚੰਡੀਗੜ੍ਹ
98155-40240



ਜਿਸ ਦਿਨ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਕਿਰਪਾਨਾਂ ਪਹਿਨੀਆਂ ਅਤੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ ਗਿਆ, ਉਸ ਦਿਨ ਆਮ ਸਿੱਖ ਭੰਬਲਭੂਸੇ ਵਿਚ ਪੈ ਗਏ ਸਨ। ਬਹੁਤ ਸਾਰੀ ਸੰਗਤ ਗੁਰੂ ਸਾਹਿਬ ਨੂੰ ਰਾਹੋਂ 'ਲਾਂਭੇ' ਪਿਆ ਸਮਝਣ ਲੱਗੀ ਸੀ। ਕੁਝ ਮੋਹਿਤਬਰਾਂ ਨੇ ਮਾਤਾ ਜੀ ਪਾਸ 'ਸ਼ਿਕਾਇਤ' ਵੀ ਕੀਤੀ ਸੀ। ਇਸ ਸਮੇਂ ਵੱਡਾ ਸੰਕਟ ਖੜ੍ਹਾ ਹੋ ਗਿਆ ਸੀ। ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਵਰਗੇ ਮਹਾਂਪੁਰਸ਼ਾਂ ਨੇ ਇਸ ਸਮੇਂ ਵੱਡੀ ਮਿਹਨਤ ਉਪਰੰਤ, ਸੰਗਤਾਂ ਨੂੰ ਗੁਰੂ-ਦਰ ਨਾਲ ਜੋੜੀ ਰੱਖਿਆ। ਭਾਈ ਗੁਰਦਾਸ ਜੀ ਨੇ ਇਸ ਪ੍ਰਥਾਏ ਕਈ ਪਉੜੀਆਂ ਰਚੀਆਂ ਅਤੇ ਉਨ੍ਹਾਂ ਸੰਗਤਾਂ ਨੂੰ ਸਮਝਾਇਆ ਕਿ ਗੁਰੂ ਹਰਿਗੋਬਿੰਦ ਸਾਹਿਬ ਉਸੇ ਮਾਲਾ ਦੇ ਮੋਤੀ ਹਨ, ਜਿਸ ਦੇ ਪਹਿਲੇ ਪੰਜ ਗੁਰੂ-ਸਾਹਿਬਾਨ ਸਨ। ਸੰਗਤਾਂ ਨੇ ਜਲਦੀ ਹੀ ਗੁਰੂ-ਕਾਜ ਲਈ ਮਰ-ਮਿਟਣ ਨੂੰ ਧੰਨ ਸਮਝ ਲਿਆ। ਗੱਭਰੂਆਂ ਨੇ ਆਪਣੀਆਂ ਜਵਾਨੀਆਂ ਨੂੰ ਗੁਰੂ ਅੱਗੇ ਸਮਰਪਣ ਕਰਕੇ, ਧੰਨ ਕਰ ਲਿਆ ਸੀ।

ਇਸ ਫ਼ੌਜੀਕਰਨ ਦਾ ਅਗਲਾ ਪੜਾਅ ਸੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਐਲਾਨ! ਹਰਿਮੰਦਰ ਸਾਹਿਬ ਦੇ ਸਾਹਮਣੇ ਸੰਨ ੧੬੦੬ ਈ. ਨੂੰ ਅਕਾਲ ਤਖਤ ਦੀ ਨੀਂਹ ਰੱਖੀ ਗਈ। ਇਸ ਇਮਾਰਤ ਨੂੰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੀ ਹੱਥੀਂ ਬਣਾਇਆ। ਸੰਨ ੧੬੦੬ ਈ. ਨੂੰ ਦੁਨੀਆਂ ਵਿਚ ਪਹਿਲੀ ਵੇਰਾਂ ਅਕਾਲ ਤਖ਼ਤ ਦਾ ਸੰਕਲਪ ਸਾਕਾਰ ਹੋਇਆ। ਝਠੇ ਬਾਦਸ਼ਾਹਾਂ ਦੇ ਕੜੇ ਤਖ਼ਤਾਂ ਦੀ ਥਾਂ ਸੱਚੇ ਪਾਤਸ਼ਾਹ ਦਾ ਅਕਾਲੀ ਤਖ਼ਤ ਸੀ। ਇਸ ਅਸਥਾਨ 'ਤੇ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਸਥਾਪਤ ਕੀਤੇ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਜਿਹੇ ਤਖ਼ਤ ਦੀ ਰਚਨਾ ਕਰਕੇ, ਸੰਗਤਾਂ ਦੇ ਮਨਾਂ ਵਿਚੋਂ ਹਕੂਮਤ ਦੇ ਦਬਦਬੇ ਨੂੰ ਖਤਮ ਕਰ ਦਿੱਤਾ ਸੀ। ਗੁਰੂ ਸਾਹਿਬ ਦੇ ਦਰਬਾਰ ਦੀ ਸ਼ਾਨੋ-ਸ਼ੌਕਤ, ਸ਼ਾਹੀ ਦਰਬਾਰ ਦਾ ਮੂੰਹ ਚਿੜਾਉਂਦੀ ਸੀ। ਇਸ ਦਰਬਾਰ ਵਿਚ ਲੋਕਾਂ ਦੇ ਝਗੜੇ ਹੱਲ ਕੀਤੇ ਜਾਂਦੇ ਸਨ। ਵਿਰੋਧੀ ਤਾਕਤਾਂ ਚਿੰਤਤ ਹੋ ਗਈਆਂ। ਉਨ੍ਹਾਂ ਨੇ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਹਰਿਗੋਬਿੰਦ ਸਾਹਿਬ ਫ਼ੌਜ ਇਕੱਠੀ ਕਰਕੇ, ਆਪਣੇ ਗੁਰੂ-ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਲਈ, ਹਕੂਮਤ ਨਾਲ ਟਕਰਾਉਣਾ ਚਾਹੁੰਦੇ ਹਨ। ਮਿਲੀਆਂ ਰਿਪੋਰਟਾਂ ਦੇ ਆਧਾਰ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ੧੬੦੬ ਈ. ਨੂੰ ਗ੍ਰਿਫਤਾਰ ਕਰਕੇ, ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਆਪ ਜੀ ਨੂੰ ੧੨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਪਰ ੧੬੧੧ ਈ. ਨੂੰ ਬਾਦਸ਼ਾਹ ਨੇ ਆਪ ਜੀ ਨੂੰ ਰਿਹਾ ਕਰਨ ਦਾ ਹੁਕਮ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਦਰਮਿਆਨ ਸਿੱਖ ਸੰਗਠਨ ਦੀ ਮਜ਼ਬੂਤੀ ਅਤੇ ਵਾਧੇ ਲਈ ਦੇਸ਼ ਭਰ ਵਿਚ ਦੌਰਾ ਕੀਤਾ। ਉਨ੍ਹਾਂ ਨੇ ਗੁਰਮਤਿ ਵਿਚਲੇ ਮੀਰੀ-ਪੀਰੀ ਦੇ ਸੁਮੇਲ ਦੇ ਸਿਧਾਂਤ ਦੀ ਮਹੱਤਤਾ, ਉਸ ਸਮੇਂ ਦੇ ਧਾਰਮਕ ਆਗੂਆਂ ਨੂੰ ਦੱਸੀ। ਗੁਰੂ ਜੀ ਨੇ ਧਰਮ ਦੇ ਸਮਾਜਕ ਮਹੱਤਵ ਨੂੰ ਸਮਝ ਲਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਣਿਆਂ ਅਤੇ ਉਦਾਸੀਆਂ ਨੂੰ, ਸਿੱਖ-ਸੰਗਠਨ ਵਿਚ ਲਿਆਉਣ ਦੇ ਯਤਨ ਕੀਤੇ।

ਇਸਲਾਮ ਤੋਂ ਬਾਅਦ ਇਹ ਸਿੱਖ ਮੱਤ ਹੀ ਸੀ, ਜਿਸ ਦਾ ਫ਼ੌਜੀਕਰਨ ਹੋਇਆ। ਇਹੀ ਕਾਰਨ ਹੈ ਕਿ ਬਹੁਤੇ ਮੁਸਲਿਮ ਵਿਦਵਾਨਾਂ ਨੇ ਤਾਂ ਇਸ ਫ਼ੌਜੀਕਰਨ ਦੀ ਘਟਨਾ ਨੂੰ ਸਮਝ ਲਿਆ ਹੈ, ਜਦੋਂ ਕਿ ਹਿੰਦੂ ਅਤੇ ਈਸਾਈ ਪਿੱਠਭੂਮੀ ਵਾਲੇ ਵਿਦਵਾਨ, ਇਸ ਘਟਨਾ ਨੂੰ ਸਮਝਣ ਤੋਂ ਅਸਮਰਥ ਰਹੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਨੀਤੀਆਂ ਦੇ ਦੂਰ-ਅੰਦਾਜ਼ ਪ੍ਰਭਾਵ ਪਏ। ਬਾਅਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਤ-ਸਿਪਾਹੀਆਂ ਦੇ ਇਸ ਮੱਤ ਨੂੰ ਸਦੀਵਤਾ ਪ੍ਰਦਾਨ ਕੀਤੀ। ਆਧੁਨਿਕ ਸਮੇਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਪ੍ਰਚਾਰੇ ਮੀਰੀ-ਪੀਰੀ ਦੇ ਸਿਧਾਂਤ ਦਾ ਭਾਰੀ ਮਹੱਤਵ ਹੈ। ਧਰਮ ਨੇ ਜ਼ਿੰਦਾ ਰਹਿਣਾ ਹੈ ਤਾਂ ਜ਼ਰੂਰੀ ਹੈ ਕਿ ਧਰਮ, ਮਨੁੱਖੀ ਸਮੱਸਿਆਵਾਂ ਨੂੰ ਹੱਲ ਕਰੇ ਜਾਂ ਹੱਲ ਕਰਾਉਣ ਵਿਚ ਆਪਣਾ ਹਿੱਸਾ ਪਾਵੇ। ਧਰਮ ਮਨੁੱਖ ਦੀ ਅਧਿਆਤਮਕ ਉਨਤੀ ਦੇ ਨਾਲ-ਨਾਲ ਵਿਗਿਆਨ, ਟਕਨਾਲੋਜੀ, ਉਤਪਾਦਨ ਅਤੇ ਉਸ ਦੀ ਪਦਾਰਥਕ ਖੁਸ਼ਹਾਲੀ ਵਿਚ ਵਾਧਾ ਕਰੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਧਰਮ ਨੂੰ ਜ਼ਿੰਦਾ ਰੂਹਾਂ ਦਾ ਧਰਮ ਬਣਾ ਕੇ, ਸਿੱਖ-ਸੰਗਠਨ ਵਿਚ ਉਤਸ਼ਾਹ ਅਤੇ ਮਰਨ ਦਾ ਚਾਓ ਭਰ ਦਿੱਤਾ। ਸਿੱਖ ਜੀਵਨ-ਜਾਂਚ ਵਿਚ ਮੀਰੀ-ਪੀਰੀ, ਭਗਤੀ-ਸ਼ਕਤੀ, ਦੇਗ-ਤੇਗ, ਸੰਤ-ਸਿਪਾਹੀ, ਲੋਕ-ਪਰਲੋਕ ਅਤੇ ਧਰਮ-ਰਾਜਨੀਤੀ ਵਿਚ ਸੁਮੇਲ ਅਤੇ ਸੰਤੁਲਨ ਕਰ ਦਿੱਤਾ। ਇਸ ਅਦੁੱਤੀ ਸੁਮੇਲ ਤੇ ਸੰਤੁਲਨ ਵਾਲੇ ਸਿਧਾਂਤ ਕਰਕੇ, ਸਿੱਖ ਮੱਤ ਨੇ ਸੰਸਾਰ ਦੇ ਇਤਿਹਾਸ ਵਿਚ ਆਪਣੀ ਨਿਵੇਕਲੀ ਦਿੱਖ ਅਤੇ ਪਹਿਚਾਣ ਬਣਾ ਲਈ ਹੈ।

● ● ●

ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੋਈਏ !

ਜਦੋਂ ਬੰਦਾ ਬਹਾਦਰ ਨੇ ਸਿੱਖਾਂ ਦਾ ਇਕ ਸੁਪਨਾ ਸਾਕਾਰ ਕੀਤਾ

ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ)



ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਕਮਾਨ ਹੇਠ, ਸੰਨ 1710 ਵਿਚ ਸਿੱਖਾਂ ਵੱਲੋਂ ਸੂਬੇਦਾਰ ਵਜ਼ੀਰ ਖਾਂ (ਸੂਬਾ ਸਰਹਿੰਦ) ਨੂੰ ਮੌਤ ਦੇ ਘਾਟ ਉਤਾਰਨ ਅਤੇ ਸਰਹਿੰਦ 'ਤੇ ਕਬਜ਼ਾ ਕਰਨ ਦੀ ਘਟਨਾ, ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਘਟਨਾ ਨੇ ਮੁਗ਼ਲਾਂ ਨੂੰ ਪਹਿਲੀ ਵੇਰ ਸਿੱਖ ਸ਼ਕਤੀ ਦਾ ਅਹਿਸਾਸ ਕਰਵਾਇਆ ਅਤੇ ਗਜ਼ਨਵੀ, ਤੈਮੂਰ ਤੇ ਬਾਬਰ ਦੇ ਖਾਨਦਾਨਾਂ ਵਿਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ। "ਇਹ ਗੱਲ ਬਿਨਾਂ ਕਿਸੇ ਤਰਦੀਦ ਦੇ ਕਹੀ ਜਾ ਸਕਦੀ ਹੈ ਕਿ ਇਹ ਬੰਦਾ (ਬਹਾਦਰ) ਹੀ ਸੀ, ਜਿਸ ਨੇ ਸਿੱਖਾਂ ਨੂੰ ਸਭ ਤੋਂ ਪਹਿਲਾਂ ਇਹ ਸਿਖਾਇਆ ਕਿ ਕਿਵੇਂ ਲੜੀਦਾ ਹੈ ਅਤੇ ਜਿੱਤ ਪ੍ਰਾਪਤ ਕਰੀਦੀ ਹੈ।" ਡਾ. ਗੋਕਲ ਚੰਦ ਨਾਰੰਗ।

ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ, ਘੋਖਿਆ ਤੇ ਵਿਚਾਰਿਆ ਹੈ ਉਹ ਮੇਰੇ ਨਾਲ ਸਹਿਮਤ ਹੋਵੇਗਾ ਕਿ ਸਰਹਿੰਦ ਦੀ ਜਿੱਤ, ਮੁਗ਼ਲਾਂ ਦੀ ਤਬਾਹੀ ਵੱਲ ਵਧਿਆ ਸਿੱਖਾਂ ਦਾ ਪਹਿਲਾ ਭਰਵਾਂ ਕਦਮ ਸੀ। ਇਸ ਦੇ ਨਾਲ ਹੀ ਸਿੱਖ ਉਸ ਸ਼ਾਹਰਾਹ 'ਤੇ ਹੋ ਤੁਰੇ ਜੋ ਉਨ੍ਹਾਂ ਨੂੰ ਸਿੱਧਾ ਸਿੱਖ ਰਾਜ ਦੀ ਕਾਇਮੀ ਵੱਲ ਲੈ ਜਾ ਰਿਹਾ ਸੀ। ਖੈਰ! ਆਓ ਵੇਖੀਏ, ਘਟਨਾਵਾਂ ਦਾ ਸਿਲਸਿਲਾ ਕਿਥੋਂ ਸ਼ੁਰੂ ਹੁੰਦਾ ਹੈ ਅਤੇ ਇਤਿਹਾਸ ਦੀ ਹਿੱਕ 'ਤੇ ਪੈੜਾਂ ਪਾਉਂਦਾ ਕਿੱਥੇ ਜਾ ਕੇ ਖਤਮ ਹੁੰਦਾ ਹੈ।

ਪਿਛੋਕੜ - ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬੇਦਾਰ ਵਜੀਰ ਖਾਂ (ਸੂਬਾ ਸਰਹਿੰਦ) ਵੱਲੋਂ ਸਰਹਿੰਦ ਵਿਖੇ ਮਿਤੀ 27 ਦਸੰਬਰ, 1704 ਈ. ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰਨ ਦੀ ਦਿਲ-ਕੰਬਾਊ ਘਟਨਾ ਨੇ ਸਿੱਖ ਮਾਨਸਿਕਤਾ 'ਤੇ ਡੂੰਘਾ ਪੱਛ ਮਾਰਿਆ। ਇਸ ਘਟਨਾ ਦੇ ਤਿੱਖੇ ਪ੍ਰਤੀਕ੍ਰਮ ਵਜੋਂ ਸਿੱਖਾਂ ਦੇ ਮਨਾਂ ਅੰਦਰ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਨਫ਼ਰਤ ਦੀ ਅੱਗ ਭੜਕ ਉੱਠੀ ਅਤੇ ਸਿੱਖਾਂ ਦੇ ਸੰਘਰਸ਼ ਨੇ ਇਕ ਕ੍ਰਾਂਤੀਕਾਰੀ ਲਹਿਰ ਅਤੇ ਜ਼ੁਲਮ ਵਿਰੁੱਧ ਉੱਠੇ ਇਨਕਲਾਬ ਦਾ ਰੂਪ ਧਾਰਨ ਕਰ ਲਿਆ।

ਬੇਸ਼ੱਕ ਗੁਰੂ ਗੋਬਿੰਦ ਸਿੰਘ ਅਡੋਲ ਰਹੇ ਪਰ ਉਨ੍ਹਾਂ ਨੇ ਦੋਸ਼ੀ ਨੂੰ ਉਸ ਦੇ ਪਾਪ ਦੀ ਸਜ਼ਾ ਦੇਣ ਦਾ ਨਿਸ਼ਚਾ ਕਰ ਲਿਆ ਸੀ। ਇਸ ਕਾਰਜ ਲਈ ਉਨ੍ਹਾਂ ਨੇ ਸਿੱਖਾਂ ਨੂੰ ਮਾਨਸਿਕਤਾ ਤੇ ਜਥੇਬੰਦਕ ਤੌਰ 'ਤੇ ਤਿਆਰ ਕੀਤਾ ਅਤੇ ਫਿਰ ਮੁਗ਼ਲਾਂ 'ਤੇ ਚੋਟ ਕਰਨ ਲਈ ਵਕਤ ਦਾ ਇੰਤਜ਼ਾਰ ਕਰਨ ਲੱਗੇ। ਅੰਤ, ਸਿੱਖਾਂ ਦੀ ਰਹਿਨੁਮਾਈ ਕਰਨ ਲਈ ਗੁਰੂ ਸਾਹਿਬ ਨੇ 3 ਸਤੰਬਰ, 1708 ਈ. ਨੂੰ ਗੋਦਾਵਰੀ ਦੇ ਕੰਢੇ ਨੰਦੇੜ ਵਿਖੇ ਬੜੇ ਨਾਟਕੀ ਢੰਗ ਨਾਲ ਬੰਦਾ ਬਹਾਦਰ ਦੀ ਚੋਣ ਕੀਤੀ। ਸਿੱਖ ਕੌਮ ਦੀ ਕਿਸਮਤ ਦੀ ਵਾਂਗਡੋਰ ਸੰਭਾਲਣ ਵਾਲੇ

ਇਸ ਸੁਭਾਗੇ ਵਿਅਕਤੀ ਦੀ ਉਮਰ ਉਸ ਵੇਲੇ 38 ਸਾਲਾਂ ਦੀ ਸੀ ਅਤੇ ਉਹ ਗੁਰੂ ਗੋਬਿੰਦ ਸਿੰਘ ਤੋਂ ਲਗਭਗ ਚਾਰ ਸਾਲ ਛੋਟਾ ਸੀ।

ਗੁਰੂ ਗੋਬਿੰਦ ਸਿੰਘ ਨੇ ਬੰਦਾ ਸਿੰਘ ਨੂੰ 'ਬਹਾਦਰ' ਦਾ ਖਿਤਾਬ ਦੇ ਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪੰਜਾਬ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਉਂਝ ਵੀ ਪੰਜਾਬ 'ਤੇ ਚੜ੍ਹਾਈ ਕਰਨ ਲਈ ਇਹ ਐਨ ਢੁੱਕਵਾਂ ਸਮਾਂ ਸੀ ਅਤੇ ਸਿੱਖ ਜਗਤ ਵੀ ਮਾਨਸਿਕ ਤੇ ਜਥੇਬੰਦਕ ਤੌਰ 'ਤੇ ਟੱਕਰ ਲੈਣ ਲਈ ਤਿਆਰ ਸੀ। ਬੰਦਾ ਬਹਾਦਰ, ਅਕਤੂਬਰ 1708 ਦੇ ਆਸਪਾਸ ਪੰਜਾਬ ਲਈ ਰਵਾਨਾ ਹੋਇਆ। ਦਿੱਲੀ ਟੱਪਦਿਆਂ ਹੀ ਲੋਕ ਉਸ ਦੇ ਝੰਡੇ ਹੇਠ ਇਕੱਠੇ ਹੋਣ ਲੱਗੇ ਅਤੇ ਛੇਤੀ ਹੀ 40,000 ਸੈਨਿਕ ਉਸ ਦੇ ਅਧੀਨ ਇਕੱਠੇ ਹੋ ਗਏ। ਡਾ. ਗੋਕਲ ਚੰਦ ਨਾਰੰਗ ਅਨੁਸਾਰ ਛੇਤੀ ਹੀ ਪੈਦਲ ਸੈਨਿਕਾਂ ਦੀ ਗਿਣਤੀ 8,900 ਹੋ ਗਈ ਅਤੇ ਅੰਤ 40,000 ਤੱਕ ਪਹੁੰਚ ਗਈ। ਮੁਹੰਮਦ ਕਾਸਮ ਲਿਖਦਾ ਹੈ ਕਿ ਥੋੜ੍ਹੇ ਅਰਸੇ ਦੌਰਾਨ ਹੀ ਬੰਦਾ ਬਹਾਦਰ ਦੀ ਕਮਾਨ ਹੇਠ 4,000 ਘੋੜ-ਸਵਾਰ ਇਕੱਠੇ ਹੋ ਗਏ। ਸੋ, ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ, ਪੰਜਾਬ ਦੇ ਇਤਿਹਾਸਕ ਰੰਗਮੰਚ 'ਤੇ ਅਚਾਨਕ ਇਕ ਨਾਇਕ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ।

ਸਰਹਿੰਦ 'ਤੇ ਹਮਲੇ ਲਈ ਮੈਦਾਨ ਤਿਆਰ - ਜਿੱਤਾਂ ਦੇ ਇਕ ਲੰਮੇ ਸਿਲਸਿਲੇ ਤੋਂ ਬਾਅਦ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਬੰਦਾ ਬਹਾਦਰ ਲਈ ਇਹ ਇਕ ਇਮਤਿਹਾਨ ਦੀ ਘੜੀ ਸੀ। ਸੋ, ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ, ਬੰਦਾ ਬਹਾਦਰ ਨੇ ਸਰਹਿੰਦ 'ਤੇ ਹੱਲਾ ਕਰਨ ਤੋਂ ਪਹਿਲਾਂ, ਕੀਰਤਪੁਰ ਵੱਲੋਂ ਜਿੱਤਾਂ ਪ੍ਰਾਪਤ ਕਰਦੇ ਆ ਰਹੇ ਸਿੱਖ ਜਥੇ ਦੀ ਉਡੀਕ ਕਰਨੀ ਉਚਿੱਤ ਸਮਝੀ। ਜਲਦੀ ਹੀ ਇਹ ਸ਼ਕਤੀਸ਼ਾਲੀ ਜਥਾ, ਖਰੜ ਤੇ ਬਨੂੜ ਵਿਚਕਾਰ, ਬੰਦਾ ਬਹਾਦਰ ਦੇ ਦਲ ਨਾਲ ਆ ਰਲਿਆ ਜਿਸ ਨਾਲ ਸਿੱਖਾਂ ਦੀ ਜੰਗੀ ਤਾਕਤ ਵਿਚ ਚੋਖਾ ਵਾਧਾ ਹੋਇਆ।

ਸੂਬੇਦਾਰ ਵਜ਼ੀਰ ਖਾਂ ਦੀ ਜੰਗ ਲਈ ਤਿਆਰੀ ਤੇ ਮੋਰਚਾਬੰਦੀ - ਬੰਦਾ ਬਹਾਦਰ ਦੀ ਕਮਾਨ ਹੇਠ ਖ਼ਾਲਸੇ ਦੀ 'ਹਰ ਮੈਦਾਨ ਫ਼ਤਹਿ' ਅਤੇ ਚੜ੍ਹਤ ਨੂੰ ਵੇਖ ਕੇ ਸੂਬੇਦਾਰ ਵਜ਼ੀਰ ਖਾਂ ਨੂੰ ਕਾਂਬਾ ਛਿੜ ਗਿਆ। ਉਸ ਨੇ ਜੰਗ ਦੀ ਤਿਆਰੀ ਵਿਚ ਸਾਰੇ ਸਾਧਨ ਜੁਟਾ ਦਿੱਤੇ। ਆਪਣੇ ਸੱਜਣਾਂ-ਮਿੱਤਰਾਂ ਅਤੇ ਰਾਜੇ-ਰਜਵਾੜਿਆਂ ਨੂੰ ਬੁਲਾ ਲਿਆ। ਜਹਾਦ ਦਾ ਨਾਅਰਾ ਲਾ ਦਿੱਤਾ। ਉਸ ਨੇ ਸਿੱਕੇ ਤੇ ਬਰੂਦ ਦੇ ਕੋਠੇ ਭਰ ਲਏ। ਜਦੋਂ ਵਜ਼ੀਰ ਖਾਂ ਨੂੰ ਇਹ ਯਕੀਨ ਹੋ ਗਿਆ ਕਿ ਉਹ ਸਿੱਖਾਂ ਦੇ ਹਮਲੇ ਨੂੰ ਪਛਾੜ ਸਕੇਗਾ ਤਾਂ ਉਹ 20 ਕੁ ਹਜ਼ਾਰ ਬਾਕਾਇਦਾ ਫੌਜ ਅਤੇ ਹੋਰ ਗਾਜ਼ੀਆਂ ਸਮੇਤ, ਸਿੱਖਾਂ ਦੇ ਤੂਫ਼ਾਨ ਨੂੰ ਰੋਕਣ ਲਈ ਅੱਗੇ ਵਧਿਆ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ, ਸੂਬੇਦਾਰ ਵਜ਼ੀਰ ਖਾਂ ਦੀ ਮੋਰਚਾਬੰਦੀ ਦਾ ਜ਼ਿਕਰ ਇਉਂ ਕਰਦਾ ਹੈ : "ਵਜ਼ੀਰ ਖਾਂ ਨੇ ਇਕ ਪਾਸੇ ਤੋਪਾਂ ਬੀੜ ਦਿੱਤੀਆਂ, ਦੂਜੇ ਪਾਸੇ ਕੰਧ ਵਾਂਗ ਹਾਥੀ ਖੜ੍ਹੇ ਕਰ ਦਿੱਤੇ, ਤੀਜੇ ਪਾਸੇ ਨਵਾਬਾਂ ਤੇ ਜਾਗੀਰਦਾਰਾਂ ਦੀ ਫੌਜ ਖੜ੍ਹੀ ਕੀਤੀ ਅਤੇ ਚੌਥੇ ਪਾਸੇ ਆਪਣੀ ਫੌਜ ਵਿਚ ਜੰਬੂਰੇ ਤੇ ਰਹਿਕਲੇ ਆਦਿ ਬੀੜ ਕੇ ਆਪ ਗਾਜ਼ੀਆਂ ਦੇ ਵਿਚਕਾਰ ਇਕ ਉੱਚੇ ਹਾਥੀ ਉੱਤੇ ਚੜ੍ਹ ਗਿਆ।

ਬੰਦਾ ਬਹਾਦਰ ਦੀ ਮੋਰਚਾਬੰਦੀ ਦਾ ਜ਼ਿਕਰ ਕਰਦਿਆਂ ਗੁਰਦੇਵ ਸਿੰਘ ਦਿਉਲ ਆਪਣੀ ਪ੍ਰਸਿੱਧ ਪੁਸਤਕ 'ਬੰਦਾ ਬਹਾਦਰ-ਇਕ ਜੀਵਨੀ' ਦੇ ਪੰਨਾ 32 ਉੱਤੇ ਲਿਖਦਾ ਹੈ ਕਿ "ਬੰਦੇ ਨੇ ਆਪਣੀਆਂ ਸੈਨਾਵਾਂ ਨੂੰ ਦੋ ਹੱਲਾ-ਮਾਰ ਜਥਿਆਂ ਵਿਚ ਤਰਤੀਬ ਦਿੱਤੀ। ਪਹਿਲੇ ਜਥੇ ਵਿਚ ਮਾਲਵੇ ਦੇ ਸਿੰਘ ਸਨ, ਜਿਨ੍ਹਾਂ ਦੀ ਕਮਾਨ ਭਾਈ ਫ਼ਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ ਤੇ ਆਲੀ ਸਿੰਘ ਕਰ ਰਹੇ ਸਨ। ਦੂਜਾ ਜਥਾ, ਜਿਸ ਦੀ ਅਗਵਾਈ ਬਾਬਾ ਬਿਨੋਦ ਸਿੰਘ, ਬਾਜ ਸਿੰਘ, ਰਾਮ ਸਿੰਘ ਤੇ ਸ਼ਾਮ ਸਿੰਘ ਕਰ ਰਹੇ ਸਨ, ਮਝੈਲ ਸਿੰਘਾਂ ਦਾ ਸੀ। ਡਾਕੂਆਂ ਤੇ ਲੁਟੇਰਿਆਂ ਨੂੰ, ਜੋ ਬੰਦੇ ਦੀ ਸੈਨਾ ਵਿਚ ਮੌਜੂਦ ਸਨ, ਮਝੈਲਾਂ ਤੇ ਮਲਵਈਆਂ ਦੇ ਦਲਾਂ ਵਿਚ ਵੰਡ ਦਿੱਤਾ।" ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸੂਬੇਦਾਰ ਵਜ਼ੀਰ ਖਾਂ ਕੋਲ ਜਿਥੇ ਵੱਡੀ ਗਿਣਤੀ ਵਿਚ ਹਾਥੀ, ਘੋੜ-ਚੜ੍ਹੇ ਬੰਦੂਕਚੀ, ਨੇਜ਼ਾ-ਬਰਦਾਰ ਅਤੇ ਤਲਵਾਰਚੀ ਸਨ ਉਥੇ ਬੰਦਾ ਬਹਾਦਰ ਕੋਲ ਨਾ ਕੋਈ ਤੋਪਖਾਨਾ ਸੀ ਅਤੇ ਨਾ ਹੀ ਹਾਥੀ ਸਨ, ਇਥੋਂ ਤੱਕ ਕਿ ਚੰਗੇ ਘੋੜੇ ਵੀ ਕਾਫੀ ਗਿਣਤੀ ਵਿਚ ਨਹੀਂ ਸਨ। ਸਿੰਘਾਂ ਕੋਲ ਕੇਵਲ ਲੰਮੇ ਨੇਜ਼ੇ, ਤੀਰ ਅਤੇ ਤਲਵਾਰਾਂ ਹੀ ਸਨ।

ਚੱਪੜਚਿੜੀ ਦੇ ਮੈਦਾਨ ਵਿਚ ਫੈਸਲਾਕੁੰਨ ਯੁੱਧ - ਡਾ. ਗੰਡਾ ਸਿੰਘ ਅਤੇ ਰਤਨ ਸਿੰਘ ਭੰਗੂ ਅਨੁਸਾਰ ਇਹ ਯੁੱਧ, 12 ਮਈ, 1710 ਈ. ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿਚ ਹੋਇਆ। (ਚੱਪੜਚਿੜੀ, ਖਰੜ ਤੇ ਲਾਂਡਰਾ ਵਿਚਕਾਰ ਸਥਿਤ ਇਕ ਛੋਟਾ ਜਿਹਾ ਪਿੰਡ ਹੈ)। ਪ੍ਰਸਿੱਧ ਇਤਿਹਾਸਕਾਰ ਸੋਹਣ ਸਿੰਘ ਅਨੁਸਾਰ ਇਹ ਯੁੱਧ, 30 ਮਈ, 1710 ਈ. ਨੂੰ ਹੋਇਆ ਅਤੇ ਖ਼ਜ਼ਾਨ ਸਿੰਘ ਦਾ ਵਿਚਾਰ ਹੈ ਕਿ ਇਹ ਯੁੱਧ, ਸਰਹਿੰਦ ਦੇ ਨੜੇ ਵਡਾਲੀ ਤੇ ਨਾਨ੍ਹੇਹੜੀ ਪਿੰਡਾਂ ਦੀ ਜੂਹ ਵਿਚ ਹੋਇਆ।

ਜਦੋਂ ਵਜ਼ੀਰ ਖਾਂ ਦੀਆਂ ਫੌਜਾਂ ਟੱਕਰ ਲੈਣ ਲਈ ਅੱਗੇ ਵਧੀਆਂ ਤਾਂ ਬੰਦਾ ਬਹਾਦਰ ਨੇ ਵੀ ਆਪਣੇ ਕਮਾਂਡਰਾਂ ਨੂੰ ਅੱਗੇ ਵਧਣ ਦਾ ਹੁਕਮ ਦਿੱਤਾ ਅਤੇ ਆਪ, ਇਸ ਜੰਗੀ ਕਾਰਵਾਈ ਨੂੰ ਸੇਧ ਦੇਣ ਲਈ, ਨੇੜੇ ਹੀ ਇਕ ਉੱਚੀ ਥਾਂ 'ਤੇ ਬੈਠ ਗਿਆ। ਜੰਗ ਦੇ ਪਹਿਲੇ ਪੜਾਅ ਵਿਚ ਸ਼ਾਹੀ ਫੌਜਾਂ ਦਾ ਪਲੜਾ ਭਾਰੀ ਰਿਹਾ ਅਤੇ ਬੇਨੇਮੇ ਡਾਕੂ ਹਰਨ ਹੋ ਗਏ। ਮੁਗ਼ਲਾਂ ਦਾ ਪਲੜਾ ਭਾਰੀ ਵੇਖ ਕੇ, ਨਿਰਲੱਗ ਬੈਠਾ ਬੰਦਾ ਬਹਾਦਰ ਝੱਟ ਆਪਣੀ ਸੈਨਾ ਦੀਆਂ ਮੂਹਰਲੀਆਂ ਕਤਾਰਾਂ ਵਿਚ ਆ ਗਿਆ। ਉਸ ਦੇ ਆਗਮਨ ਨੇ ਜਿੱਥੇ ਸਿੱਖਾਂ ਦੇ ਹੌਸਲੇ ਬੁਲੰਦ ਕਰ ਦਿੱਤੇ ਉਥੇ ਦੁਸ਼ਮਣਾਂ ਵਿਚ ਸਭ ਪਾਸੇ ਭੈਅ ਛਾ ਗਿਆ। ਇਸ ਸਬੰਧ ਵਿਚ ਨਾਮਵਰ ਇਤਿਹਾਸਕਾਰ ਕਰਮ ਸਿੰਘ ਲਿਖਦਾ ਹੈ ਕਿ "ਜਿਸ ਵੇਲੇ ਉਪ-ਕਮਾਂਡਰ ਬਾਜ ਸਿੰਘ ਨੇ ਬਾਜ਼ੀ ਜਾਂਦੀ ਵੇਖੀ ਤਾਂ ਘੋੜਾ ਦੌੜਾ ਕੇ ਬੰਦਾ ਬਹਾਦਰ ਕੋਲ ਪਹੁੰਚਿਆ ਅਤੇ ਕਿਹਾ ਕਿ ਉਸ ਬਾਝੋਂ ਮੈਦਾਨ ਹੱਥੋਂ ਜਾਂਦਾ ਨਜ਼ਰ ਆ ਰਿਹਾ ਹੈ, ਜੇਕਰ ਥੋੜ੍ਹਾ ਚਿਰ ਇਹੋ ਹਾਲ ਰਿਹਾ ਤਾਂ ਮੁੜ ਕੇ ਪੈਰ ਜਮਣੇ ਔਖੇ ਹੋ ਜਾਣਗੇ। ਬੰਦਾ ਬਹਾਦਰ ਵੀ ਇਨ੍ਹਾਂ ਗੱਲਾਂ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਝੱਟ ਸਵਾਰ ਹੋਇਆ ਅਤੇ ਝੱਟ ਮੈਦਾਨ ਵਿਚ ਆ ਉਤਰਿਆ।" ਸੋਹਣ ਸਿੰਘ ਇਸ ਤੱਥ 'ਤੇ ਆਪਣੀ ਮੋਹਰ ਕੁਝ ਇਸ ਤਰ੍ਹਾਂ ਲਾਉਂਦਾ ਹੈ - "ਤਦ ਬੰਦਾ ਬਹਾਹਰ ਉਠਿਆ, ਜਿਵੇਂ ਭੁੱਖਾ ਸ਼ੇਰ ਆਪਣੀ ਗੁਫਾ ਵਿਚੋਂ ਨਿਕਲਿਆ ਹੋਵੇ ਅਤੇ ਬਿਜਲੀ ਵਾਂਗ ਵੈਰੀ ਦੀ ਸੈਨਾ 'ਤੇ ਟੁੱਟ ਪਿਆ।" ਡਾ. ਗੰਡਾ ਸਿੰਘ ਆਪਣੀ ਪੁਸਤਕ 'ਬੰਦਾ ਬਹਾਦਰ' ਦੇ ਪੰਨਾ 63 ਉੱਤੇ ਅਤੇ ਰਤਨ ਸਿੰਘ ਭੰਗੂ ਆਪਣੀ ਪੁਸਤਕ, 'ਪ੍ਰਾਚੀਨ ਪੰਥ ਪ੍ਰਕਾਸ਼' ਦੇ

ਪੰਨਾ 96 ਉੱਤ ਉਪਰੋਕਤ ਵਿਚਰਾਂ ਦੀ ਪੁਸ਼ਟੀ ਕਰਦੇ ਹਨ।

ਬੰਦਾ ਬਹਾਦਰ ਦੀ ਹਿੰਮਤ ਤੇ ਹੌਂਸਲੇ ਤੋਂ ਪ੍ਰਭਾਵਿਤ ਹੋ ਸਿੰਘ, ਇਕ ਮੁੱਠ ਹੋ ਕੇ ਵੈਰੀਆਂ 'ਤੇ ਟੁੱਟ ਪਏ। ਹਮਲਾ ਏਨਾ ਜ਼ੋਰਦਾਰ ਸੀ ਕਿ ਦੁਸ਼ਮਣ ਖੜ੍ਹਾ ਨਾ ਰਹਿ ਸਕਿਆ। ਖ਼ੂਨ-ਡੋਲਵੀਂ ਲੜਾਈ ਵਿਚ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ। ਇਸ ਤਰ੍ਹਾਂ ਬੰਦਾ ਬਹਾਦਰ ਨੇ "ਮਾਰ ਵਜੀਦੇ ਖ਼ਾਂ ਨੂੰ, ਧਰਤੋਂ ਭਾਰੀ ਪੰਡ ਉਤਾਰੀ।"-ਹਰਸਾ ਸਿੰਘ ਚਾਤਰ।

ਮੇਰੇ ਜਿਨ੍ਹਾਂ ਪਾਠਕਾਂ ਨੇ ਇਸ ਲਿਖਤ ਨੂੰ ਇੱਥੇ ਤੱਕ ਪੜ੍ਹਨ ਦਾ ਸਾਹਸ ਕੀਤਾ ਹੈ, ਮੈਂ ਸਮਝਦਾ ਹਾਂ, ਉਹ ਇਹ ਵੀ ਜਾਣਨਾ ਚਾਹੁੰਣਗੇ ਕਿ ਸੂਬੇਦਾਰ ਵਜ਼ੀਰ ਖ਼ਾਂ ਦੀ ਮੌਤ ਕਿਵੇਂ ਤੇ ਕਿਸ ਹੱਥੋਂ ਹੋਈ? ਬਹੁ-ਸੰਮਤੀ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਵਜ਼ੀਰ ਖ਼ਾਂ ਦੀ ਮੌਤ, ਬੰਦਾ ਬਹਾਦਰ ਦੇ ਇਕ ਸਿਰਕੱਢ ਜਰਨੈਲ ਫਤਿਹ ਸਿੰਘ ਦੇ ਹੱਥੋਂ ਹੋਈ। ਡਾ. ਗੰਡਾ ਸਿੰਘ ਅਨੁਸਾਰ - "ਬਾਜ ਸਿੰਘ ਨੇ ਵਜ਼ੀਰ ਖਾਂ ਦੇ ਹੱਥੋਂ ਨੇਜ਼ਾ ਖੋਹ ਕੇ ਉਸ ਦੇ ਘੋੜੇ ਦੇ ਸਿਰ ਵਿਚ ਖੋਭਿਆ ਅਤੇ ਉਸ ਨੂੰ ਜ਼ਖ਼ਮੀ ਕਰ ਦਿੱਤਾ, ਜਦ ਕਿ ਫ਼ਤਿਹ ਸਿੰਘ ਨੇ, ਜੋ ਕਿ ਨਾਲ ਹੀ ਖੜ੍ਹਾ ਸੀ, ਮਿਆਨ ਵਿਚੋਂ ਤਲਵਾਰ ਕੱਢੀ ਅਤੇ ਵਜ਼ੀਰ ਖਾਂ ਨੂੰ ਇੰਝ ਮਾਰੀ ਕਿ ਉਸ ਦੇ ਮੋਢੇ ਤੋਂ ਹੁੰਦੀ ਕਮਰ ਨੂੰ ਚੀਰ ਗਈ।"

ਬੰਦਾ ਬਹਾਦਰ ਤੇ ਵਜ਼ੀਰ ਖਾਂ ਆਹਮੋ-ਸਾਹਮਣੇ - ਕੁਝ ਇਤਿਹਾਸਕਾਰਾਂ ਦਾ ਮਤ ਹੈ ਕਿ ਬੰਦਾ ਬਹਾਦਰ ਅਤੇ ਵਜ਼ੀਰ ਖਾਂ ਦੀ ਆਹਮੋ-ਸਾਹਮਣੇ ਟੱਕਰ ਹੋਈ। ਇਸ ਸਬੰਧ ਵਿਚ ਸਿੱਖਾਂ ਦਾ ਹਰਮਨ-ਪਿਆਰਾ ਅੰਗਰੇਜ਼ ਇਤਿਹਾਸਕਾਰ ਮੈਕਾਲਿਫ਼ ਲਿਖਦਾ ਹੈ - "ਜਦੋਂ ਬਹੁਤ ਸਾਰੇ ਮੁਸਲਮਾਨ ਮਾਰੇ ਗਏ, ਬੰਦਾ ਤੇ ਵਜ਼ੀਰ ਖਾਂ ਆਪਸ ਵਿਚ ਉਲਝੇ।... ਬੰਦੇ ਨੇ ਤਲਵਾਰ ਦੇ ਇਕੋ ਵਾਰ ਨਾਲ ਉਸ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ।" 'ਸੂਰਜ ਪ੍ਰਕਾਸ਼' ਨਾਮਕ ਗ੍ਰੰਥ ਦੇ ਲੇਖਕ ਦਾ ਵੀ ਇਹੋ ਵਿਚਾਰ ਹੈ ਕਿ ਵਜ਼ੀਰ ਖਾਂ ਦੀ ਮੌਤ ਬੰਦਾ ਬਹਾਦਰ ਦੇ ਹੱਥੋਂ ਹੋਈ, ਪਰ ਤਲਵਾਰ ਨਾਲ ਨਹੀਂ, ਬਲਕਿ ਗੁਰੂ ਗੋਬਿੰਦ ਸਿੰਘ ਵੱਲੋਂ ਬਖਸ਼ੇ ਤੀਰਾਂ ਵਿਚੋਂ ਇਕ ਨਾਲ। ਪ੍ਰਸਿੱਧ ਗ੍ਰੰਥ 'ਮਹਿਮਾ ਪ੍ਰਕਾਸ਼' ਇਸ ਤੱਥ ਦੀ ਪੁਸ਼ਟੀ ਕਰਦਾ ਹੈ। ਇਸ ਸਬੰਧ ਵਿਚ ਭਾਈ ਕਰਮ ਸਿੰਘ, ਆਪਣੀ ਪੁਸਤਕ - 'ਬੰਦਾ ਬਹਾਦਰ' ਦੇ ਪੰਨਾ 72 ਉੱਤੇ ਲਿਖਦਾ ਹੈ ਕਿ "ਦੁਵੱਲਿਓਂ ਸੂਰਮੇਂ ਖਟਾ-ਖਟ ਤਲਵਾਰ ਚਲਾ ਰਹੇ ਸਨ ਕਿ ਅਚਨਚੇਤ ਹੀ ਵਜ਼ੀਰ ਖਾਂ ਨੂੰ ਇਕ ਤੀਰ ਜਾ ਲੱਗਾ ਅਤੇ ਉਹ ਧੜਮ ਕਰਕੇ ਘੋੜੇ ਤੋਂ ਜਾ ਡਿੱਗਾ।" ਗਿਆਨੀ ਗਿਆਨ ਸਿੰਘ ਦਾ ਵਿਚਾਰ ਹੈ ਕਿ "ਇਕ ਸਿੰਘ ਦੇ ਤੀਰ ਨਾਲ ਵਜ਼ੀਰ ਖਾਂ ਮਾਰਿਆ ਗਿਆ।... ਫਤਿਹ ਸਿੰਘ ਨੇ ਵਜ਼ੀਰ ਖਾਂ ਦੀ ਲਾਸ਼ ਨੂੰ ਚੁੱਕ ਕੇ ਬੰਦੇ ਕੋਲ ਪਹੁੰਚਾਇਆ।" ਖ਼ੈਰ! ਮੌਤ ਭਾਵੇਂ ਕਿਵੇਂ ਵੀ ਹੋਈ ਹੋਵੇ, ਸਿੱਖਾਂ ਨੇ ਇਸ ਦਾ ਕਰਜ ਵਿਆਜ ਸਮੇਤ ਮੋੜ ਦਿੱਤਾ। (ਕਾਸ਼! ਗੁਰੂ ਸਾਹਿਬ, ਸੂਬੇਦਾਰ ਵਜ਼ੀਰ ਖਾਂ ਦਾ ਅੰਤ ਅਤੇ ਖ਼ਾਲਸੇ ਦੀ ਚੜ੍ਹਤ ਵੇਖ ਸਕਦੇ।) ਵਜ਼ੀਰ ਖਾਂ ਦੀ ਮੌਤ ਨਾਲ ਸ਼ਾਹੀ ਸੈਨਾ ਵਿਚ ਭਗਦੜ ਮਚ ਗਈ ਅਤੇ ਸਿੱਖ ਜਿੱਤ ਦੇ ਝੰਡੇ ਲਹਿਰਾਉਂਦੇ ਸਰਹਿੰਦ ਵੱਲ ਵਧਣ ਲੱਗੇ।

ਬੰਦਾ ਬਹਾਦਰ ਦਾ ਸਰਹਿੰਦ 'ਤੇ ਕਬਜ਼ਾ - 14 ਮਈ, 1710 ਈ. ਨੂੰ ਸਿੱਖ, ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖਲ ਹੋਏ। ਸੋਹਣ ਸਿੰਘ ਆਪਣੀ ਪੁਸਤਕ - 'ਬੰਦਾ ਦੀ ਬਰੇਵ' ਦੇ ਪੰਨਾ 84-85 ਉੱਤੇ ਲਿਖਦਾ ਹੈ - "ਵਜ਼ੀਰ ਖਾਂ ਦੀਆਂ ਲੱਤਾਂ ਇਕ ਰੱਸੀ ਨਾਲ ਬੰਨ੍ਹ ਦਿੱਤੀਆਂ ਗਈਆਂ, ਉਸ ਨੂੰ ਸ਼ਹਿਰ ਦੇ ਬਜ਼ਾਰਾਂ ਵਿਚ ਘਸੀਟਿਆ ਗਿਆ ਅਤੇ ਇੰਝ ਕੀਤੇ ਜਾਣ ਮਗਰੋਂ, ਉਸ ਨੂੰ ਇਕ ਦਰੱਖ਼ਤ ਨਾਲ ਬੰਨ੍ਹ ਦਿੱਤਾ ਗਿਆ, ਜਿੱਥੇ ਉਸ ਦੀ ਲਾਸ਼ ਇੱਲਾਂ-ਚੀਲਾਂ ਲਈ ਦਾਅਵਤ ਦੇ ਕੰਮ ਆਈ।" ਸ਼ਾਹੀ ਅਮੀਰਾਂ ਨੂੰ ਲੁੱਟਿਆ ਗਿਆ ਅਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ। ਜਾਂ ਕਹਿ ਲਵੋ, ਜਿਵੇਂ ਪ੍ਰਸਿੱਧ ਹੈ, ਬੰਦਾ ਬਹਾਦਰ ਨੇ ਸਰਹਿੰਦ ਦੀ 'ਇੱਟ ਨਾਲ ਇੱਟ ਖੜਕਾ ਦਿੱਤੀ।' ਸੁੱਚਾ ਨੰਦ ਦੀ ਹਵੇਲੀ ਦੀ ਤਬਾਹੀ ਦਾ ਜ਼ਿਕਰ ਕਰਦਿਆਂ ਮੁਹੰਮਦ ਕਾਸਮ ਲਿਖਦਾ ਹੈ - "ਖਾਸ ਕਰਕੇ ਵਜ਼ੀਰ ਖਾਂ ਦੇ ਪੇਸ਼ਕਾਰ ਸੁੱਚਾ ਨੰਦ ਦੀ ਹਵੇਲੀ ਅਤ ਮਾਲ ਦੌਲਤ ਜਿਵੇਂ ਇਸ ਦਿਨ ਲਈ ਹੀ ਬਣੇ ਅਤੇ ਜਮ੍ਹਾਂ ਕੀਤੇ ਹੋਏ ਸਨ ਕਿ ਸਵਰਗਾਂ ਵਰਗੇ ਮਹਿਲ ਕਾਵਾਂ ਦੇ ਅੱਡੇ ਬਣ ਗਏ।" ਲੁੱਟ-ਮਾਰ ਦਾ ਜ਼ਿਕਰ ਕਰਦਿਆਂ ਖਫੀ ਖਾਨ ਲਿਖਦਾ ਹੈ ਕਿ "ਧਨ-ਮਾਲ ਘੋੜੇ, ਹਾਥੀ ਆਦਿ ਬੇਦੀਨਿਆਂ ਦੇ ਹੱਥ ਆਏ।" (ਸਿੱਖ ਇਤਿਹਾਸ ਨੂੰ ਕਲਮਬੰਦ ਕਰਨ ਵੇਲੇ ਬਹੁਤੇ ਮੁਸਲਮਾਨ ਇਤਿਹਾਸਕਾਰਾਂ ਦਾ ਰਵੱਈਆ ਪੱਖਪਾਤੀ ਰਿਹਾ ਹੈ। ਤਾਹੀਉਂ, ਖਫੀ ਖਾਨ ਸਿੱਖਾਂ ਨੂੰ 'ਬੇਦੀਨੇ' ਕਹਿੰਦਾ ਹੈ।) 19ਵੀਂ ਸਦੀ ਦਾ ਪ੍ਰਸਿੱਧ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ਼ ਲਿਖਦਾ ਹੈ - "ਬੰਦਾ ਹੁਣ ਸਰਹਿੰਦ ਵਿਚ ਦਾਖਲ ਹੋਇਆ ਅਤੇ ਸਾਰੇ ਸ਼ਹਿਰ ਨੂੰ ਜੰਗਲੀ ਅਤੇ ਬਦਲਾ-ਲਊ ਢੰਗ ਨਾਲ ਸਜ਼ਾ ਦਿੱਤੀ।" ਲੁੱਟ-ਮਾਰ ਦੇ ਸੰਬੰਧ ਵਿਚ ਡਾ. ਗੰਡਾ ਸਿੰਘ ਲਿਖਦਾ ਹੈ ਕਿ "ਬੰਦੇ ਦੇ ਹੱਥ ਆਏ ਲੁੱਟ ਦੇ ਮਾਲ ਦੀ ਕੀਮਤ ਦਾ ਅੰਦਾਜ਼ਾ 2 ਕਰੋੜ ਹੋਵੇਗਾ, ਜੋ ਕਿ ਵਜ਼ੀਰ ਖਾਂ ਦੀ ਮਲਕੀਅਤ ਸੀ ਅਤੇ ਕੁਝ ਲੱਖ, ਜੋ ਕਿ ਸੁੱਚਾ ਨੰਦ ਅਤੇ ਦੂਸਰਿਆਂ ਦੀ ਮਲਕੀਅਤ ਸੀ।" (ਸੁੱਚਾ ਨੰਦ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵੇਲੇ ਬਹੁਤ ਹੀ ਭੱਦੀ ਭੂਮਿਕਾ ਨਿਭਾਈ ਸੀ।)

ਸਿੱਖ ਰਾਜ ਦੀ ਸਥਾਪਨਾ ਦਾ ਮੁੱਢ ਬੰਨ੍ਹਿਆ - ਸਰਹਿੰਦ 'ਤੇ ਕਾਬਜ਼ ਹੋਣ ਉਪਰੰਤ ਬੰਦਾ ਬਹਾਦਰ ਨੇ ਆਪਣੇ ਇਕ ਸਿਰਕੱਢ ਜਰਨੈਲ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਭਾਈ ਆਲੀ ਸਿੰਘ ਨੂੰ ਉਸ ਦਾ ਡਿਪਟੀ ਥਾਪਿਆ। ਬੰਦਾ ਬਹਾਦਰ ਨੇ ਸਢੌਰਾ ਅਤੇ ਨਾਹਨ ਵਿਚਕਾਰ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਸ ਨੂੰ 'ਲੋਹਗੜ੍ਹ' ਦਾ ਨਾਂ ਦਿੱਤਾ। ਇਸੇ ਚੜ੍ਹਤ ਦੌਰਾਨ ਬੰਦਾ ਬਹਾਦਰ ਨੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ ਉੱਤੇ ਸਿੱਕਾ ਜਾਰੀ ਕਰਕੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕੀਤੀ ਅਤੇ ਸੱਤ ਸੌ ਸਾਲ ਤੋਂ ਪਏ ਗ਼ੁਲਾਮੀ ਦੇ ਜੂਲੇ ਨੂੰ ਪੰਜਾਬ ਦੇ ਗਲੋਂ ਲਾਹੁਣ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਇਤਿਹਾਸ ਕੁਝ ਸਮੇਂ ਲਈ ਸਿੱਖਾਂ ਦੇ ਹੱਥਾਂ ਵਿਚ 'ਪਾਲਤੂ' ਬਣ ਗਿਆ ਅਤੇ ਉਹ ਆਪਣੀ ਮਰਜ਼ੀ ਅਨੁਸਾਰ ਇਤਿਹਾਸ ਦੀ ਸਿਰਜਣਾ ਕਰਨ ਲੱਗੇ। ਇਹ ਸਰਹਿੰਦ ਦੀ ਜਿੱਤ ਦਾ ਹੀ ਸਿੱਟਾ ਸੀ ਕਿ ਇਕ 'ਬਚ੍ਹੂੰਗੜੀ' ਕੌਮ ਨੇ ਅਚਾਨਕ ਕੱਦ ਕੱਢਿਆ ਅਤੇ ਭਾਰਤ ਦੇ ਨਕਸ਼ੇ 'ਤੇ ਪਹਿਲੀ ਵੇਰ ਇਕ ਰਾਜਸੀ ਤਾਕਤ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਈ। ਇਸ ਤੋਂ ਬਾਅਦ ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਸਲਤਨਤ ਹੋਂਦ ਵਿਚ ਆਈ। ਹੁਣ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਬੰਦਾ ਬਹਾਦਰ ਦੀ ਕਮਾਨ ਹੇਠ ਸਰਹਿੰਦ 'ਤੇ ਕਬਜ਼ਾ, ਸਿੱਖ ਰਾਜ ਦੇ ਨੀਂਹ-ਪੱਥਰ ਦੀ ਹੈਸੀਅਤ ਰੱਖਦਾ ਹੈ।

ਸਹੁ ਸੁਣਾਇਸੀ ਸੱਚ ਕੀ ਬੇਲਾ



ਸੁਰਿੰਦਰ ਸਿੰਘ ਰੂਬੀ
ਸੰਪਾਦਕ

(1) ਸਾਕਾ ਨੀਲਾ ਤਾਰਾ ਟਾਲਿਆ ਜਾ ਸਕਦਾ ਸੀ?

ਜੂਨ 1984 ਵਿਚ ਅੱਜ ਤੋਂ 42 ਸਾਲ ਪਹਿਲਾਂ ਸਿੱਖਾਂ ਦੇ ਸਭ ਤੋਂ ਮੁਕੱਦਸ ਅਸਥਾਨ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ



ਅਕਾਲ ਤਖ਼ਤ ਉੱਤੇ ਭਾਰਤੀ ਹਕੂਮਤ ਵੱਲੋਂ ਭਾਰਤੀ ਫੌਜ ਦਆਰਾ ਕੀਤੇ ਗਏ ਹਮਲੇ ਨੇ ਸਿੱਖ ਸੋਚ ਅਤੇ ਸਿੱਖ ਫਲਸਫ਼ੇ ਉੱਤੇ ਡੂੰਘੀ ਸੱਟ ਮਾਰੀ ਸੀ। ਭਾਰਤੀ ਹਕੂਮਤ ਦਾ ਇਹ ਕਹਿਣਾ ਕਿ ਉਸ ਨੇ ਇਸ ਹਮਲੇ ਨਾਲ ਪਵਿੱਤਰ ਅਸਥਾਨ ਵਿਚ ਸ਼ਾਸਤਰਧਾਰੀ ਗਰਮ ਖਿਆਲੀਆਂ ਨੂੰ ਜਿਨ੍ਹਾਂ ਨੇ ਦੇਸ਼ ਵਿਰੁੱਧ ਜੰਗ ਦਾ ਐਲਾਨ ਕੀਤਾ ਹੋਇਆ ਸੀ, ਤੋਂ ਪਵਿੱਤਰ ਅਸਥਾਨ ਨੂੰ ਖਾਲੀ ਕਰਵਾਉਣ ਅਤੇ ਗਰਮ ਖਿਆਲੀਆਂ ਨੂੰ ਖਤਮ ਕਰਕੇ ਸੂਬੇ ਵਿਚ ਮੁੜ ਸ਼ਾਂਤੀ ਬਹਾਲੀ ਕਰਨੀ ਸੀ।ਪ੍ਰੰਤੂ ਇਸ ਵਰਤਾਰੇ ਦੇ ਬੀਤ ਜਾਣ ਤੋਂ ਬਾਅਦ ਅਤੇ ਹੋਏ ਜਾਨੀ ਮਾਲੀ ਨੁਕਸਾਨ ਤੋਂ ਇਲਾਵਾ ਸਿੱਖਾਂ ਦੇ ਮਨਾਂ ਵਿਚ ਉਪਜੀ ਬੇਗਾਨਗੀ ਦੀ ਭਾਵਨਾ ਅਤੇ ਮਨੋਵਿਗਿਆਨਕ ਅਸਰ ਨੇ ਸਮੁੱਚੇ ਦੇਸ਼ ਦਾ ਬਹੁਤ ਨੁਕਸਾਨ ਕੀਤਾ ਹੈ। ਪਵਿੱਤਰ ਹਦੂਦ ਦੇ ਅੰਦਰ ਤਕਰੀਬਨ 1000 ਮੌਤਾਂ (ਫੌਜ ਸਮੇਤ) ਅਤੇ ਤਬਾਹੀ ਦੇ ਮੰਜਰ ਤੋਂ ਬਾਅਦ ਫੌਜੀ ਜਰਨੈਲਾਂ ਸਮੇਤ ਹਰ ਬੁਧੀਜੀਵੀ ਤੇ ਮਨੁੱਖਤਾਵਾਦੀ ਸੋਚ ਨੇ ਇਸ ਕਾਰਵਾਈ ਦਾ ਵਿਰੋਧ ਕੀਤਾ ਸੀ। ਪ੍ਰੰਤੂ ਦੇਸ਼ ਦੀ ਪ੍ਰਧਾਨ ਮੰਤਰੀ ਕਈ ਤਰ੍ਹਾਂ ਦੇ ਕਾਰਨਾਂ ਦੇ ਮੱਦੇਨਜ਼ਰ ਆਪਣੇ ਹਮਲਾ ਕਰਨ ਦੇ ਫੈਸਲੇ ਤੇ ਦ੍ਰਿੜ੍ਹ ਸੀ। ਉਹ ਕਿਸੇ ਹੋਰ ਤੌਰ ਤਰੀਕੇ ਨਾਲ ਹਰਿਮੰਦਰ ਸਾਹਿਬ ਕੰਪਲੈਕਸ ਨੂੰ ਖਾਲੀ ਕਰਵਾਉਣ ਦੇ ਸੁਝਾਵਾਂ ਨੂੰ ਸਿਰੇ ਤੋਂ ਖਾਰਜ ਕਰ ਰਹੀ ਸੀ। ਭਾਵੇਂ ਕਿ ਫੌਜ ਦੇ ਇਕ ਸੀਨੀਅਰ ਜਰਨੈਲ ਐਸ.ਕੇ. ਸਿਨਹਾ ਨੇ ਅਜਿਹੀ ਕਾਰਵਾਈ ਦੀ ਅਗਵਾਈ ਕਰਨ ਤੋਂ ਨਾਂਹ ਵੀ ਕਰ ਦਿੱਤੀ ਸੀ। ਉਸ ਵੇਲੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਰਮੇਸ਼ ਇੰਦਰ ਸਿੰਘ ਲਿਖਦੇ ਹਨ ਕਿ ਧਰਮ ਯੁਧ ਮੋਰਚੇ ਦੇ ਲੀਡਰ ਸਾਹਿਬਾਨ ਨਾਲ ਸਰਕਾਰ ਦੀ 26 ਵਾਰ ਮੀਟਿੰਗ ਹੋ ਚੁੱਕੀ ਸੀ, ਜਿਸ ਲੜੀ ਵਿਚ ਆਖਰੀ ਮੀਟਿੰਗ ਹਮਲੇ ਤੋਂ ਤਿੰਨ ਦਿਨ ਪਹਿਲਾਂ 29 ਮਈ 1984 ਨੂੰ ਵੀ ਹੋਈ ਸੀ। ਇਹ ਮੀਟਿੰਗਾਂ ਸਿਰਫ਼ ਸਿੱਖ ਨੇਤਾਵਾਂ ਦੇ ਅੱਖੀਂ ਘੱਟਾ ਪਾਉਣ ਦੇ ਤੁੱਲ ਸਨ ਕਿਉਂਕਿ ਸਰਕਾਰ ਨੇ ਫੌਜ ਮੁਖੀ ਜਨਰਲ ਏ.ਐਸ. ਵੈਦਿਆ ਨੂੰ ਹਮਲੇ ਦੀ ਤਿਆਰੀ ਕਰਨ ਲਈ ਕਈ ਮਹੀਨੇ ਪਹਿਲਾਂ ਹੀ ਕਹਿ ਦਿੱਤਾ ਸੀ ਤੇ ਉਹ ਰਾਜਸਥਾਨ ਵਿਚ ਹਰਿਮੰਦਰ ਸਾਹਿਬ ਕੰਪਲੈਕਸ ਦੀ ਨਕਲ ਮਾਡਲ ਬਣਾ ਕੇ ਫੌਜੀ ਮਸ਼ਕਾਂ ਕਰ ਰਿਹਾ ਸੀ। ਹਰਿਮੰਦਰ ਸਾਹਿਬ ਦੇ ਪਵਿੱਤਰ ਕੰਪਲੈਕਸ ਵਿਚੋਂ ਗਰਮ ਖਿਆਲੀਆਂ ਨੂੰ ਬਾਹਰ ਕੱਢਣਾ ਕੋਈ ਫੌਜੀ ਮਸ਼ਕ ਦਾ ਹਿੱਸਾ ਨਾ ਹੋ ਕੇ, ਹੋਰ ਕਿਸੇ ਤਰ੍ਹਾਂ ਦੇ ਢੰਗ ਤਰੀਕੇ ਵਰਤ ਕੇ ਕੰਪਲੈਕਸ ਨੂੰ ਖਾਲੀ ਕਰਵਾਇਆ ਜਾ ਸਕਦਾ ਸੀ। ਪ੍ਰੰਤੂ ਇੰਦਰਾ ਗਾਂਧੀ ਜੋ ਬੰਗਲਾ ਦੇਸ਼ ਦੀ ਅਜ਼ਾਦੀ ਤੋਂ ਬਾਅਦ ਸ਼ੇਰਨੀ ਦਾ ਖਿਤਾਬ ਲੈ ਕੇ ਆਪਣੇ ਆਪ ਨੂੰ ਬਹੁਤ ਉੱਚੀ ਸਮਝਦੀ ਸੀ ਨੇ ਸਿੱਖਾਂ ਦੀ ਉਸ ਜਗ੍ਹਾ ਨਾਲ ਲਗਾਅ ਅਤੇ ਸਬੰਧਾਂ ਦਾ ਅੰਦਾਜ਼ਾ ਲਗਾਉਣ ਵਿਚ ਗਲਤੀ ਕਰ ਲਈ। ਜੋ ਬਾਅਦ ਵਿਚ ਉਸ ਦੀ ਆਪਣੀ ਮੌਤ ਦਾ ਸਬੱਬ ਬਣਿਆ। ਇਹ ਸਪੱਸ਼ਟ ਹੈ ਕਿ ਇਹ ਸਾਕਾ ਟਾਲਿਆ ਜਾ ਸਕਦਾ ਸੀ।

(2) ਖਾਦਾਂ ਦੀ ਵੱਧ ਰਹੀ ਸਬਸਿਡੀ ਸਰਕਾਰਾਂ ਤੇ ਕੀਮਤਾਂ ਵਧਾਉਣ ਦਾ ਦਬਾਅ

ਦੇਸ਼ ਭਰ ਵਿਚ ਕਿਸਾਨੀ ਖੇਤਰ ਵਿਚ ਫਸਲਾਂ ਲਈ ਲੋੜੀਂਦੀਆਂ ਖਾਦਾਂ ਤੇ ਈਰਾਨ-ਇਜ਼ਰਾਈਲ-ਅਮਰੀਕਾ ਯੁੱਧ ਦਾ ਵੱਡਾ ਅਸਰ ਵੇਖਣ ਨੂੰ ਮਿਲ ਰਿਹਾ ਹੈ। ਖਾਦਾਂ ਤੇ ਵੱਧ ਰਹੀ ਸਰਕਾਰੀ ਸਬਸਿਡੀ ਨੇ ਮੌਜੂਦਾ ਵਿੱਤੀ ਸਾਲ ਦੇ ਘਾਟੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪਿਛਲੇ 3 ਮਹੀਨੇ ਵਿਚ ਖਾਦਾਂ ਤੇ ਮਿਲਦੀ ਸਬਸਿਡੀ ਦਾ ਬਿੱਲ 1.07 ਲੱਖ ਕਰੋੜ



ਤੋਂ 3.5 ਲੱਖ ਕਰੋੜ ਤੇ ਪਹੁੰਚ ਗਿਆ ਹੈ। ਵਿਦੇਸ਼ਾਂ ਤੋਂ ਮੰਗਵਾਉਣ ਵਾਲੀ ਖਾਦ ਦੇ ਨਾਲ-ਨਾਲ ਦੇਸ਼ ਵਿਚ ਉਤਪਾਦਨ ਹੋ ਰਹੀ ਖਾਦ ਤੇ ਵਰਤੋਂ ਵਿਚ ਆ ਰਹੀਆਂ ਤੇਲ ਅਤੇ ਗੈਸਾਂ ਦੀਆਂ ਕੀਮਤਾਂ ਵਿਚ ਉਛਾਲ ਨੇ ਚਿੰਤਾ ਹੋਰ ਵਧਾ ਦਿੱਤੀ ਹੈ। ਇਹਨਾਂ ਵਧੀਆਂ ਕੀਮਤਾਂ ਅਤੇ ਸਬਸਿਡੀਆਂ ਦਾ ਬੋਝ ਸਿੱਧਾ ਕਿਸਾਨੀ ਤੇ ਨਾ ਪਵੇ ਇਸ ਲਈ ਸਰਕਾਰ ਨੂੰ ਸਬਸਿਡੀਆਂ ਵਿਚ ਹੋਰ ਵਾਧਾ ਕਰਨਾ ਪੈਂਦਾ ਹੈ। ਸਬਸਿਡੀ ਦਾ ਹਿੱਸਾ ਕੇਂਦਰੀ ਬਜਟ ਦੀਆਂ ਤਜਵੀਜਾਂ ਤੋਂ ਵੱਧ ਰਿਹਾ ਹੈ। ਬਜਟ ਵਿਚ ਪੈਟਰੋਲੀਅਮ ਵਸਤਾਂ ਤੇ ਮਿਲਣ ਵਾਲੀ ਸਬਸਿਡੀ ਦੀ ਰਕਮ ਜੋ 12085 ਕਰੋੜ ਰੁਪਏ ਸੀ, ਵੱਧ ਕੇ 28000 ਕਰੋੜ ਰੁਪਏ ਨੂੰ ਪਹੁੰਚ ਗਈ ਹੈ। ਫਰਵਰੀ ਮਹੀਨੇ ਤੋਂ ਅਮਰੀਕਾ-ਇਜ਼ਰਾਇਲ ਦੇ ਇਰਾਨ ਹਮਲੇ ਤੋਂ ਬਾਅਦ ਵਿਸ਼ਵ ਭਰ ਵਿਚ ਖੇਤੀ ਖਾਦਾਂ ਦੀਆਂ ਕੀਮਤਾਂ ਵਿਚ ਅਥਾਹ ਵਾਧਾ ਹੋਇਆ ਹੈ। ਯੂਰੀਆ, ਡੀਏਪੀ ਤੇ ਪੋਟਾਸ਼ ਦੀ ਖਪਤ ਅਤੇ ਵਰਤੋਂ ਭਾਰਤ ਵਿਚ ਅੰਦਾਜਨ 40 ਮਿਲੀਅਨ ਟੱਨ ਸਾਲਾਨਾ ਹੈ। ਵਿਦੇਸ਼ਾਂ ਤੋਂ ਖਰੀਦੀਆਂ ਜਾਣ ਵਾਲੀਆਂ ਖਾਦਾਂ ਦਾ ਹਿੱਸਾ ਲਗਭਗ 25% ਹੈ। ਜਿਸ ਵਿਚ ਖਾੜੀ ਦੇਸ਼ਾਂ ਤੋਂ ਨਿਰਯਾਤ ਲਗਭਗ ਅੱਧੀ ਹੈ। ਕੁਦਰਤੀ ਗੈਸ ਦੀਆਂ ਕੀਮਤਾਂ ਵੱਧਣ ਕਰਕੇ ਘਰੇਲੂ ਉਤਪਾਦ ਹੋਣ ਵਾਲੀ ਖਾਦ ਦੀਆਂ ਕੀਮਤਾਂ ਵਿਚ ਵੀ ਬੇਤਹਾਸ਼ਾ ਵਾਧਾ ਹੋਇਆ ਹੈ। ਭਾਰਤੀ ਖਾਦ ਪਲਾਂਟਾਂ ਵਿਚ 85% ਹਿੱਸਾ ਇਸ ਨਿਰਯਾਤ ਕੀਤੀ ਗੈਸ ਦੇ ਇਸਤੇਮਾਲ ਦਾ ਹੁੰਦਾ ਹੈ। ਪੱਛਮੀ ਏਸ਼ੀਆ ਤੋਂ ਨਿਰਯਾਤ ਹੋਣ ਵਾਲੀ ਕੁਦਰਤੀ ਗੈਸ ਦੀਆਂ ਕੀਮਤਾਂ ਵਿਚ ਪਿਛਲੇ ਤਿੰਨ ਮਹੀਨਿਆਂ ਵਿਚ ਦੋਗੁਣਾਂ ਵਾਧਾ ਹੋ ਗਿਆ ਹੈ। ਇਸ ਸਾਰੇ ਦੇ ਸੰਦਰਭ ਵਿਚ ਖੇਤੀ ਵਿਚ ਰਸਾਇਣਕ ਖਾਦਾਂ ਦੀ ਵਰਤੋਂ ਤੇ ਵੱਡੇ ਪੱਧਰ ਤੇ ਦੁਬਾਰਾ ਸੋਚਣਾ ਪਵੇਗਾ ਤੇ ਕੁਦਰਤੀ ਸਰੋਤਾਂ ਦੀ ਵਰਤੋਂ ਵਧਾ ਕੇ ਇਸ ਮਹਿੰਗਾਈ ਤੋਂ ਬਚਣ ਲਈ ਕਿਸਾਨੀ ਮਾਹਿਰਾਂ ਨੂੰ ਵੱਧ ਮਿਹਨਤ ਕਰਨੀ ਪਵੇਗੀ ਤੇ ਕਿਸਾਨਾਂ ਨੂੰ ਵੀ ਸਰਕਾਰ ਦਾ ਸਾਥ ਦੇਣਾ ਪਵੇਗਾ।



(3) ਪੁਲਿਸ ਦੀ ਦਰਿੰਦਗੀ ਵਿਚੋਂ ਮਨੁੱਖੀ ਕਦਰਾਂ-ਕੀਮਤਾਂ ਪੂਰੀ ਤਰ੍ਹਾਂ ਮਨਫ਼ੀ

ਪਿਛਲੇ ਦਿਨੀਂ ਤਾਮਿਲਨਾਡੂ ਦੇ ਸ਼ਹਿਰ ਕਾਇਬੋਟੂਰ ਵਿਚ ਇਕ 10 ਸਾਲ ਦੀ ਬੱਚੀ ਦੇ ਬਲਾਤਕਾਰ ਉਪਰੰਤ ਹੋਏ ਕਤਲ ਦੀ ਸੂਚਨਾ ਤੋਂ ਬਾਅਦ ਉਥੋਂ ਦੀ ਪੁਲਿਸ ਦੇ ਕੁਝ ਸੀਨੀਅਰ ਅਧਿਕਾਰੀਆਂ ਵੱਲੋਂ ਇਕ ਪ੍ਰੈੱਸ ਕਾਨਫਰੰਸ ਦਰਮਿਆਨ ਪੱਤਰਕਾਰਾਂ ਨਾਲ ਉੱਚੀ-ਉੱਚੀ ਹੱਸ ਕੇ ਗੱਲਬਾਤ ਕਰਦਿਆਂ ਦੀ ਇਕ ਫੋਟੋ ਨੇ ਦੇਸ਼ ਭਰ ਦੇ ਟੈਲੀਵਿਜ਼ਨਾਂ ਅਤੇ ਅਖ਼ਬਾਰਾਂ ਦੇ ਪੰਨਿਆਂ 'ਤੇ ਛਪਣ ਤੋਂ ਬਾਅਦ ਆਮ ਇਨਸਾਨੀਅਤ ਅਤੇ ਆਪਣੇ ਬੱਚਿਆਂ ਪ੍ਰਤੀ ਫ਼ਿਕਰਮੰਦ ਮਾਪਿਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਪੁਲਿਸ ਟੀਮ ਦੀ ਅਗਵਾਈ ਕਰ ਰਹੀ ਔਰਤ ਅਧਿਕਾਰੀ ਜੋ ਆਪਣੀਆਂ ਉਂਗਲੀਆਂ ਦੇ ਨੰਹੂ ਸੰਵਾਰਦੀ ਹੋਈ, ਬਾਕੀ ਸਾਥੀ ਅਧਿਕਾਰੀਆਂ ਨਾਲ ਖਿੜ-ਖਿੜ ਕੇ ਹੱਸਦੀ ਹੋਈ, ਪ੍ਰੈੱਸ ਨੂੰ ਸੰਬੋਧਨ ਕਰ ਰਹੀ ਹੈ, ਦੇ ਵਰਤਾਓ ਨੇ ਸਮੁੱਚੀ ਇਨਸਾਨੀਅਤ ਨੂੰ ਸ਼ਰਮਿੰਦਾ ਕੀਤਾ ਹੈ। ਘਟਨਾ ਨੇ ਪੁਲਿਸ ਅਧਿਕਾਰੀਆਂ ਦਾ ਅਜਿਹੇ ਸਮੇਂ ਆਮ ਵਤੀਰੇ ਜਾਂ ਨਾਂਹ-ਪੱਖੀ ਵਤੀਰੇ ਨੂੰ ਉਜਾਗਰ ਕੀਤਾ ਹੈ। ਵੇਖਣ ਵਿਚ ਆਇਆ ਹੈ ਕਿ ਕਿਸੇ ਘਰ ਵਿਚ ਪਈ ਲਾਸ਼ ਦੇ ਕੋਲ ਤਫਤੀਸ਼ੀ ਅਧਿਕਾਰੀ ਘਰ ਵਾਲਿਆਂ ਤੋਂ ਚਾਹ ਆਦਿ ਬਣਵਾ ਕੇ ਉਸੇ ਕਮਰੇ ਵਿਚ ਚੁਸਕੀਆਂ ਭਰ ਰਹੇ ਹੁੰਦੇ ਹਨ, ਪਾਨ ਚਬਾ ਰਹੇ ਹੁੰਦੇ ਹਨ ਜਾਂ ਇਧਰ-ਉਧਰ ਫਿਰ ਕੇ ਆਪਣੇ ਮੋਬਾਇਲਾਂ ਤੇ ਆਪਣੇ ਦੋਸਤਾਂ ਜਾਂ ਸਕੇ-ਸੰਬੰਧੀਆਂ ਨਾਲ ਗੱਪ ਸ਼ੱਪ ਕਰ ਰਹੇ ਹੁੰਦੇ ਹਨ। ਭਾਵੇਂ ਕਿ ਪੁਲਿਸ ਨੇ ਅਜਿਹੀਆਂ ਘਟਨਾਵਾਂ ਨੂੰ ਰੁਟੀਨ ਦੀ ਘਟਨਾ ਦੇ ਤੌਰ ਤੇ ਲੈਣਾ ਹੁੰਦਾ ਹੈ ਕਿਉਂਕਿ ਰੋਜ਼ਾਨਾ ਹੀ ਅਜਿਹੇ ਸੰਵੇਦਨਸ਼ੀਲ ਮਸਲੇ ਉਨ੍ਹਾਂ ਦੇ ਸਾਹਮਣਿਉਂ ਗੁਜ਼ਰਦੇ ਹਨ ਪ੍ਰੰਤੂ ਇਨਸਾਨੀਅਤ ਦਾ ਤਕਾਜ਼ਾ ਇਹ ਮੰਗ ਕਰਦਾ ਹੈ ਕਿ ਘਟਨਾ ਦੀ ਨਜ਼ਾਕਤ ਨੂੰ ਸਮਝਣਾ ਪੁਲਿਸ ਲਈ ਬਹੁਤ ਜ਼ਰੂਰੀ ਹੈ। ਪੀੜਤ ਪਰਿਵਾਰ ਜਾਂ ਰਿਸ਼ਤੇਦਾਰਾਂ ਦੀ ਮਾਨਸਿਕ ਦਸ਼ਾ ਨੂੰ ਸਾਹਮਣੇ ਰੱਖ ਕੇ ਸਰਕਾਰੀ ਜ਼ਿੰਮੇਵਾਰ ਅਧਿਕਾਰੀਆਂ ਦੀਆਂ ਅਜਿਹੀਆਂ ਹਰਕਤਾਂ ਤੋਂ ਹੀ ਪੀੜਤ ਪਰਿਵਾਰਾਂ ਦੀ ਪੀੜਾ ਵਿਚ ਅਸਹਿਣਯੋਗ ਵਾਧਾ ਕਰਦੀਆਂ ਹਨ। ਪਬਲਿਕ ਨਾਲ ਹਮਦਰਦੀ ਮਨੁੱਖੀ ਵਰਤਾਓ ਤੇ ਦੁਖੀ ਪਰਿਵਾਰ ਨਾਲ ਸੰਵੇਦਨਾ ਸਮੇਂ ਦੀ ਮੰਗ ਹੁੰਦੀ ਹੈ। ਸੀਨੀਅਰ ਪੁਲਿਸ ਅਧਿਕਾਰੀਆਂ ਵਿਚ ਸਬੰਧਤ ਕੇਸ ਵਿਚ ਇਸ ਦੀ ਅਣਹੋਂਦ ਸੀ। ਇਸ ਵਰਤਾਰੇ ਦੀ ਬਹੁਤ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਨੀ ਬਣਦੀ ਹੈ।

ਮੈਂ ਰਾਹਾਂ 'ਤੇ ਨਹੀਂ ਤੁਰਦਾ,
ਮੈਂ ਤੁਰਦਾ ਤਾਂ ਰਾਹ ਬਣਦੇ।



ਸਿੱਖ ਕੌਮ ਅਤੇ ਦੇਸ਼ ਦਾ ਮਾਣ

ਦੌੜਾਕ ਗੁਰਿੰਦਰਵੀਰ ਸਿੰਘ

“ ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿੱਚ ਹੋਏ 29ਵੇਂ ਸੀਨੀਅਰ ਨੈਸ਼ਨਲ ਫੈਡਰੇਸ਼ਨ ਕੱਪ ਵਿੱਚ 100 ਮੀਟਰ ਈਵੈਂਟ ਵਿਚ 10.09 ਸੈਕਿੰਡ ਨਵਾਂ ਕੀਰਤੀਮਾਨ ਸਥਾਪਤ ਕਰਦਿਆਂ ਕੌਮੀ ਰਿਕਾਰਡ ਸਥਾਪਤ ਕਰਦਿਆ ਭਾਰਤ ਦਾ ਸਭ ਤੋਂ ਤੇਜ਼ ਦੌੜਾਕ ਬਣ ਗਿਆ। ”

ਖੁਦੀ ਕੋ ਕਰ ਬੁਲੰਦ ਇਤਨਾ
ਕਿ ਹਰ ਤਕਦੀਰ ਸੇ ਪਹਿਲੇ
ਖੁਦਾ ਬੰਦੇ ਸੇ ਖੁਦ ਪੂਛੇ
ਬਤਾ ਤੇਰੀ ਰਜਾ ਕਿਯਾ ਹੈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਕਿਹਾ ਕਿ ਮੇਰਾ ਸਿੱਖ ਲੱਖਾਂ-ਕਰੋੜਾਂ ਵਿੱਚੋਂ ਵੱਖਰਾ ਦਿੱਸਿਆ ਕਰੇਗਾ ਜਿਸ ਦਾ ਪ੍ਰਤੱਖ ਸਬੂਤ ਗੁਰਿੰਦਰਵੀਰ ਸਿੰਘ ਤੋਂ ਦਿੱਸ ਰਿਹਾ ਹੈ। ਭਾਰਤ ਦੇ ਡੇਢ ਅਰਬ ਆਬਾਦੀ ਹੀ ਨਹੀਂ ਸਗੋਂ ਸਾਰੇ ਸੰਸਾਰ ਦੀਆਂ ਨਜ਼ਰਾਂ ਜ਼ਿਲ੍ਹਾ ਜਲੰਧਰ ਦੇ ਬਲਾਕ ਭੋਗਪੁਰ ਵਿੱਚ ਪੈਂਦੇ ਪਿੰਡ ਪਤਿਆਲਾਂ ਦੇ ਵਾਸੀ ਸੇਵਾ ਮੁਕਤ ਪੁਲਿਸ ਅਫਸਰ ਅਤੇ ਵਾਲੀਵਾਲ ਦੇ ਖਿਡਾਰੀ ਕਮਲਜੀਤ ਸਿੰਘ ਅਤੇ ਬੀਬੀ ਰੁਪਿੰਦਰ ਕੌਰ ਦੇ ਲਾਡਲੇ ਗੁਰਿੰਦਰਵੀਰ ਸਿੰਘ 'ਤੇ ਟਿਕ ਗਈਆਂ ਜਿਸ ਨੇ ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿੱਚ ਹੋਏ 29ਵੇਂ ਸੀਨੀਅਰ ਨੈਸ਼ਨਲ ਫੈਡਰੇਸ਼ਨ ਕੱਪ ਵਿੱਚ 100 ਮੀਟਰ ਈਵੈਂਟ ਵਿਚ



10.09 ਸੈਕਿੰਡ ਨਵਾਂ ਕੀਰਤੀਮਾਨ ਸਥਾਪਤ ਕਰਦਿਆਂ ਕੌਮੀ ਰਿਕਾਰਡ ਸਥਾਪਤ ਕਰਦਿਆ ਭਾਰਤ ਦਾ ਸਭ ਤੋਂ ਤੇਜ਼ ਦੌੜਾਕ ਬਣ ਗਿਆ।ਉਸ ਨੇ ਇਸ ਤੋਂ ਪਹਿਲਾਂ ਸਾਲ 2017 ਦੀ ਏਸ਼ੀਅਨ ਅੰਡਰ-18 ਚੈਂਪੀਅਨਸ਼ਿਪ ਵਿੱਚ ਭਾਰਤ ਲਈ ਸੋਨ ਤਗਮਾ ਜਿੱਤਿਆ ਸੀ ਅਤੇ 2019 ਦੀਆਂ ਦੱਖਣੀ ਏਸ਼ੀਅਨ ਖੇਡਾਂ (ਕਾਠਮੰਡੂ) ਵਿੱਚ 4100 ਮੀਟਰ ਰਿਲੇਅ ਦੌੜ ਦੇਸ਼ ਦੀ ਝੋਲੀ ਵਿੱਚ ਚਾਂਦੀ ਦਾ ਤਗਮਾ ਪਾਇਆ ਸੀ। ਗੁਰਿੰਦਰਵੀਰ ਸਿੰਘ ਦੇ ਚਮਤਕਾਰੀ ਕੀਰਤੀਮਾਨ ਨੇ ਦੇਸ਼ ਅਤੇ ਪੰਜਾਬ ਦਾ ਮਾਣ ਵਧਾਇਆ ਪਰ ਦੇਸ਼ ਵਿੱਚ ਰਹਿੰਦੀ 2 ਪ੍ਰਤੀਸ਼ਤ ਸਿੱਖ ਕੌਮ ਇਸ ਸਾਬਤ ਸੂਰਤ ਸਿੱਖ ਨੌਜਵਾਨ ਨੇ ਸਿੱਖ ਪੰਥ ਦਾ ਮਾਣ - ਸ਼ਾਨ ਨੂੰ ਚਾਰ ਚੰਨ ਲਗਾਏ ਉਸਨੂੰ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਜਦੋਂ ਗੁਰਿੰਦਰਵੀਰ ਸਿੰਘ ਇਤਿਹਾਸਿਕ 100 ਮੀਟਰ ਦੌੜ ਤੋਂ

ਪਹਿਲਾਂ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਬੋਲਦਾ ਹੈ ਅਤੇ ਦੌੜ 10.09 ਸੈਕਿੰਡ ਪੂਰੀ ਕਰਨ ਤੋਂ ਬਾਅਦ ਜੋਸ਼ ਵਿੱਚ ਆ ਕੇ ਆਪਣਾ ਉਹ ਚੈਸਟ ਨੰਬਰ ਵਗਾਹ ਮਾਰਿਆ, ਜਿਸ ਦੇ ਪਿੱਛੇ ਲਿਖਿਆ ਸੀ ਕਿ "ਹਾਲੇ ਉਹ ਮੁਕਿਆ ਨਹੀਂ ਅਤੇ 10.10 ਦੀ ਹੱਦ ਤੋੜਨੀ ਹੈ" ਤਾਂ ਉਸ ਸਮੇਂ ਹਰ ਖੇਡ ਪ੍ਰੇਮੀ ਨੂੰ ਆਨੰਦ 'ਚ ਝੂੰਮਣ ਲਾ ਦਿੱਤਾ। ਹੁਣ ਗੁਰਿੰਦਰਵੀਰ ਸਿੰਘ 21 ਅਤੇ 22 ਜੂਨ ਨੂੰ ਚੀਨ ਦੇ ਸਾਂਗਯੂ ਵਿੱਚ ਹੋਣ ਵਾਲੀ ਦੂਜੀ ਏਸ਼ੀਆਈ ਰਿਲੇਅ ਚੈਂਪੀਅਨਸ਼ਿਪ ਵਿੱਚ ਭਾਰਤ ਦੇ 29 ਮੈਂਬਰੀ ਦਲ ਦੀ ਅਗਵਾਈ ਕਰੇਗਾ।

ਪੰਜਾਬ ਦਾ ਨੌਜਵਾਨ ਨਸ਼ਿਆਂ ਦੇ ਜਾਲ ਵਿੱਚ ਫਸਦਾ ਜਾ ਰਿਹਾ ਪਰ ਅਜਿਹੇ ਹਾਲਾਤਾਂ ਵਿੱਚ ਸਾਬਤ ਸੂਰਤ ਸਿੱਖ ਨੌਜਵਾਨ ਗੁਰਿੰਦਰਵੀਰ ਸਿੰਘ ਨੌਜਵਾਨਾਂ ਲਈ ਲਾਟ ਬਣ ਕੇ ਚਮਕਿਆ ਹੈ ਅਤੇ ਪ੍ਰੇਰਨਾ ਦਾ ਸਰੋਤ ਬਣਿਆ ਹੈ। ਉਸ ਦੇ ਪਿਤਾ ਕਮਲਜੀਤ ਸਿੰਘ ਦਾ ਕਹਿਣਾ ਹੈ ਕਿ ਮੇਰੇ ਪੁੱਤਰ ਵਰਗਾ ਪੁੱਤਰ ਹਰ ਮਾਤਾ ਪਿਤਾ ਦੇ ਘਰ ਜਨਮ ਲਵੇ ਜਿਸ ਨੇ ਖੁਦ ਗੁਰਸਿੱਖ ਬਣ ਕੇ ਚਮਤਕਾਰੀ ਕਾਰਨਾਮੇ ਕਰਤੇ ਸਗੋਂ ਪਰਿਵਾਰ ਨੂੰ ਵੀ ਗੁਰਸਿੱਖੀ ਦਾ ਰਾਹ ਅਪਣਾਉਣ ਲਈ ਕਿਹਾ। ਕਮਲਜੀਤ ਸਿੰਘ ਨੇ ਦੱਸਿਆ ਕਿ ਜਿੱਥੇ ਗੁਰਿੰਦਰਵੀਰ ਸਿੰਘ ਸਖ਼ਤ ਮਿਹਨਤ ਦਾ ਜਜ਼ਬਾ ਅਤੇ ਬੁਲੰਦ ਹੌਸਲਾ ਰੱਖਦਾ ਹੈ ਉੱਥੇ ਉਸ ਵਿੱਚ ਵਿਸ਼ਾਲ ਰੂਪ ਅਧਿਆਤਮਕ ਤਾਕਤ ਦੀ ਵੀ ਹੋਂਦ ਹੈ। ਮਾਤਾ ਬੀਬੀ ਰੁਪਿੰਦਰ ਕੌਰ ਹਰ ਗੁਰਿੰਦਰਵੀਰ ਦੇ ਪ੍ਰਸੰਸ਼ਕ ਨੂੰ ਇਹ ਹੀ ਕਹਿਦੀ ਹੈ ਮੇਰੇ ਪੁੱਤਰ ਗੁਰਿੰਦਰਵੀਰ ਸਿੰਘ ਦੇ ਸਿਰ ਉੱਪਰ ਅਸੀਸਾਂ ਭਰਿਆ ਹੱਥ ਰੱਖਿਓ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਿਓ ਕਿ ਉਹ ਏਸ਼ੀਆਡ, ਕਾਮਨਵੈਲਥ ਅਤੇ ਉਲੰਪਿਕ ਖੇਡਾਂ ਵਿੱਚ ਵੀ ਨਾਮਣਾ ਖੱਟੇ। ਭਾਵੇਂ ਗੁਰਿੰਦਰਵੀਰ ਸਿੰਘ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਆਪਣੇ ਪਿੰਡ ਪਤਿਆਲਾਂ ਨਹੀਂ ਪਹੁੰਚਿਆ ਪਰ ਉਸ ਦੇ ਘਰ ਉਸ ਦੇ ਪ੍ਰਸੰਸ਼ਕਾਂ ਦਾ ਉਸ ਦੇ ਮਾਤਾ ਪਿਤਾ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਾ ਰਹਿੰਦਾ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੇ ਪ੍ਰਧਾਨ ਭਗਵਾਨ ਸਿੰਘ ਲੁਬਾਣਾ ਨੇ ਗੁਰਿੰਦਰਵੀਰ ਸਿੰਘ ਦੇ ਮਾਤਾ ਪਿਤਾ ਨੂੰ ਇੱਕ ਲੱਖ ਰੁਪਏ ਦੇ ਇਨਾਮ ਦਾ ਐਲਾਨ ਕਰਦਿਆਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਦੇਖਿਆ ਕਿ ਹਰੀ ਸਿੰਘ ਨਲੂਆ ਨੇ ਸ਼ੇਰ ਨੂੰ ਜਬਾੜ੍ਹੇ ਤੋਂ ਫੜ ਕੇ ਪਾੜ ਦਿੱਤਾ ਤਾਂ ਮਹਾਰਾਜੇ ਨੇ ਉਸ ਨੂੰ ਫੌਜਾਂ ਦਾ ਜਰਨੈਲ ਬਣਾ ਦਿੱਤਾ ਪਰ ਗੁਰਿੰਦਰਵੀਰ ਸਿੰਘ ਦੇ ਚਮਤਕਾਰੀ ਕਾਰਨਾਮੇ 'ਤੇ ਨਾ ਪੰਜਾਬ ਸਰਕਾਰ ਅਤੇ ਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਸਵਾਏ ਵਧਾਈ ਦੇਣ ਤੋਂ ਕੋਈ ਮੁੱਲ ਨਹੀਂ ਪਾਇਆ। ਗੁਰਿੰਦਰਵੀਰ ਸਿੰਘ ਦੀ ਸਾਬਤ ਸੂਰਤ ਸਖ਼ਸ਼ੀਅਤ ਜਿੱਥੇ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਜਜ਼ਬਾ ਭਰੇਗੀ ਉੱਥੇ ਨੌਜਵਾਨਾਂ ਵਿੱਚ ਸਾਬਤ ਸੂਰਤ ਗੁਰਸਿੱਖ ਬਣਨ ਵਿੱਚ ਵੱਡਮੁੱਲਾ ਯੋਗਦਾਨ ਪਾਵੇਗੀ ਜਿਸ ਨਾਲ ਸਿੱਖ ਨੌਜਵਾਨ ਪਤਿਤਪੁਣੇ ਅਤੇ ਨਸ਼ਿਆਂ ਨੂੰ ਤਿਆਗਣ ਲਈ ਪ੍ਰੇਰਿਤ ਹੋਣਗੇ ਅਤੇ ਖੇਡਾਂ ਵੱਲ ਰੁਚੀ ਵਧਾਉਣਗੇ।

ਗੁਰਿੰਦਰਵੀਰ ਸਿੰਘ ਦੇ ਬਚਪਨ ਵਿੱਚ ਹੀ ਦੌੜਨ ਦੀ ਤਾਂਘ ਉਤਪੰਨ ਹੋ ਗਈ। ਉਸ ਦੇ ਪਿਤਾ ਨੇ ਉਸ ਵਿੱਚ ਉਤਪੰਨ ਹੋਈ ਤਾਂਘ ਨੂੰ ਅਮਲੀ ਰੂਪ ਦੇਣਾ ਸ਼ੁਰੂ ਕੀਤਾ। ਜਦ ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਡੱਲਾ-ਭੋਗਪੁਰ (ਜਲੰਧਰ) ਵਿੱਚ ਪੜ੍ਹਦਿਆਂ ਸਕੂਲ ਦੇ ਅਥਲੈਟਿਕਸ ਕੋਚ ਸਰਵਣ ਸਿੰਘ ਬੀਰਮਪੁਰ ਦੀ ਪਾਰਖੂ ਨਜ਼ਰ ਉਸ 'ਤੇ ਪਈ ਤਾਂ ਉਸ ਨੇ ਉਸ ਦੀ ਦੌੜ ਵਿੱਚ ਕਰੰਟ ਭਰਨ ਲਈ ਦਿਨ ਰਾਤ ਇੱਕ ਕਰ ਦਿੱਤਾ। ਪਹਿਲੇ ਦਿਨ ਹੀ ਕੋਚ ਸਰਵਣ ਸਿੰਘ ਬੀਰਮਪੁਰ ਨੇ ਸਕੂਲ ਦੇ ਪ੍ਰਿੰਸੀਪਲ ਬਿਕਰਮ ਸਿੰਘ ਸੈਣੀ ਨੂੰ ਕਿਹਾ ਕਿ ਗੁਰਿੰਦਰਵੀਰ ਸਿੰਘ ਸਕੂਲ ਦਾ ਨਾਂ ਦੌੜਨ ਵਿੱਚ ਚਮਕਾਏਗਾ। ਕੋਚ ਸਰਵਣ ਸਿੰਘ ਬੀਰਮਪੁਰ ਨੇ ਐਸੀ ਉਸ ਨੂੰ ਟ੍ਰੇਨਿੰਗ ਦਿੱਤੀ ਕਿ ਹਰ ਮੁਕਾਬਲੇ ਵਿੱਚ ਜਿੱਤਾਂ ਉਸ ਦੇ ਪੈਰ ਚੁੰਮਣ ਲੱਗੀਆਂ। ਉਸ ਤੋਂ ਬਾਅਦ ਉਚੇਰੀ ਸਿੱਖਿਆ ਦੇ ਨਾਲ ਨਾਲ ਸਪੋਰਟਸ ਕਾਲਜ ਜਲੰਧਰ ਦੇ ਕੋਚ ਸਰਬਜੀਤ ਸਿੰਘ ਹੈਪੀ ਨੇ ਉਸ ਦੀ ਦੌੜਨ ਵਾਲੀ ਸਖ਼ਸ਼ੀਅਤ ਨੂੰ ਚਾਰ ਚੰਦ ਲਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਅੰਤਰਰਾਸ਼ਟਰੀ ਪੱਧਰ ਦੀ ਸਿਖਲਾਈ ਲੈਣ ਉਸ ਨੇ ਰਿਲਾਇੰਸ ਫਾਊਂਡੇਸ਼ਨ ਓਡੀਸਾ ਅਥਲੈਟਿਕਸ ਹਾਈ ਪਰਫਾਰਮੈਂਸ ਸੈਂਟਰ ਵਿੱਚ ਅਥਲੈਟਿਕਸ ਕੋਚ ਜੇਮਜ ਹਿਲੀਅਰ ਦੀ ਅਗਵਾਈ ਵਿੱਚ ਆਪਣੀ ਦੌੜ ਵਿੱਚ ਹੋਰ ਨਿਖਾਰ ਲਿਆਂਦਾ।

ਗੁਰਿੰਦਰਵੀਰ ਸਿੰਘ ਵਰਗੇ ਖਿਡਾਰੀ ਪਿੰਡ ਪਿੰਡ ਪੈਦਾ ਕਰਨ ਲਈ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਪੰਚਾਇਤਾਂ ਦੇ ਸਹਿਯੋਗ ਨਾਲ ਵੱਡੇ-ਵੱਡੇ ਨਸ਼ਾ ਤਸ਼ਕਰਾਂ ਨੂੰ ਕਾਬੂ ਕਰਕੇ ਜੇਲਾਂ ਵਿੱਚ ਸੁੱਟ ਕੇ ਨਸ਼ਿਆਂ ਦੇ ਜਾਲ ਨੂੰ ਤੋੜੇ ਅਤੇ ਪਿੰਡਾਂ ਵਿੱਚੋਂ ਸ਼ਰਾਬ ਦੇ ਠੇਕੇ ਬੰਦ ਕਰਵਾ ਕੇ ਘੱਟੋ ਘੱਟ ਪਿੰਡ ਵਿੱਚ ਇੱਕ ਖੇਡ ਦਾ ਮੈਦਾਨ ਬਣਾਉਣ ਦਾ ਉਪਰਾਲਾ ਕਰੇ ਅਤੇ ਖਿਡਾਰੀਆਂ ਨੂੰ ਵਿੱਤੀ ਮਾਣ ਸਨਮਾਨ ਵੀ ਦੇਣ ਦਾ ਉਪਰਾਲਾ ਕਰੇ। ਦੂਸਰੇ ਗੁਰੂ ਅੰਗਦ ਦੇਵ ਜੀ ਵਾਂਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੀ ਪਿੰਡਾਂ ਵਿੱਚ ਨੌਜਵਾਨ ਵਰਗ ਨੂੰ ਨਸ਼ਿਆਂ ਅਤੇ ਪਤਿਤਪੁਣੇ ਤੋਂ ਹਟਾ ਕੇ ਗੁਰਸਿੱਖੀ ਜੀਵਨ ਵਾਲੇ ਖਿਡਾਰੀ ਪੈਦਾ ਕਰਨ ਵੱਲ ਵਿਸ਼ੇਸ਼ ਧਿਆਨ ਦੇਵੇ ਤਾਂ ਗੁਰਿੰਦਰਵੀਰ ਸਿੰਘ ਦੇ ਰਾਹਾਂ 'ਤੇ ਤੁਰ ਕੇ ਹਜ਼ਾਰਾਂ ਹੋਰ ਗੁਰਿੰਦਰਵੀਰ ਸਿੰਘ ਬਣਨ ਜਿਹਨਾਂ 'ਤੇ ਸਿੱਖ ਕੌਮ ਨੂੰ ਹੀ ਨਹੀਂ ਪੰਜਾਬ ਅਤੇ ਦੇਸ਼ ਨੂੰ ਮਾਣ ਹੋਵੇਗਾ।

ਬਲਵਿੰਦਰ ਸਿੰਘ ਭੰਗੂ, 98150-76546

ਅਪੀਲ

ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।

-ਧੰਨਵਾਦ

ਮਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ

ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ ।।

।। ਵਾਹਿਗੁਰੂ ਜੀ ਕੀ ਫਤਹਿ ।।



1. ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ - ਮਈ 2026 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਸੀਨੀ. ਮੈਨੇਜਰ (ਰਿਟਾ.) ਗ੍ਰਾਮੀਨ ਬੈਂਕ ਕਪੂਰਥਲਾ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਮਈ ਮਹੀਨੇ ਦੀ ਕੁੱਲ ਆਮਦਨ = 2,96,269.72/- ਰੁਪਏ

ਮਈ ਮਹੀਨੇ ਦਾ ਕੁੱਲ ਖਰਚਾ = 5,82,510.05/- ਰੁਪਏ

ਸਮੂਹ ਮੈਂਬਰ ਸਾਹਿਬਾਨ ਜੀ ਦੀ ਜਾਣਕਾਰੀ ਹਿੱਤ ਮੁੱਖ-ਮੁੱਖ ਖਰਚਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

(ਓ) ਭਵਨ ਦੇ ਸਟਾਫ਼ ਦਾ ਮਾਨਭੱਤਾ ਆਦਿ = 1,64,990/-

(ਅ) ਵਜ਼ੀਫ਼ਾ + 73,000/-

(ਇ) ਪ੍ਰਾਪਰਟੀ ਟੈਕਸ 1,25,738.53/-

(ਸ) ਬਿਜਲੀ ਦਾ ਬਿੱਲ 21,263/-

(ਹ) ਲੁਬਾਣਾ ਸੇਵਕ ਮੈਗਜ਼ੀਨ ਦੀ ਛਪਾਈ 53539.50/-

(ਕ) ਰਿਪੇਅਰ ਅਤੇ ਮੈਂਟੀਨੈਂਸ 1,02,847.12/-

(ਖ) ਫ਼ੁੱਟਕਲ ਖਰਚੇ 41,131.90/-

ਕੁੱਲ ਖਰਚ 5,82,510,.05 ਰੁਪਏ

2. **ਮਈ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸਾਹ ਲੁਬਾਣਾ ਭਵਨ ਵਿਖੇ ਮਿਤੀ 15.05.2026 ਸੰਗਰਾਂਦ ਦਾ ਪਵਿੱਤਰ ਦਿਹਾੜਾ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਰਸਭਿੰਨਾ ਗੁਰਬਾਣੀ ਕੀਰਤਨ ਸੰਗਤਾਂ ਨੂੰ ਸਰਵਣ ਕਰਵਾਇਆ ਗਿਆ। ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਗੁਰਬਾਣੀ ਨਾਲ ਜੁੜਨ ਦਾ ਲਾਭ ਹਾਸਲ ਕੀਤਾ। ਸਮਾਗਮ ਦੇ ਅੰਤ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਤਰ੍ਹਾਂ ਸੰਗਰਾਂਦ ਦਾ ਇਹ ਪਾਵਨ ਸਮਾਗਮ ਗੁਰਮਤਿ ਮਾਹੌਲ ਵਿੱਚ ਸੰਪੰਨ ਹੋਇਆ ਅਤੇ ਸੰਗਤਾਂ ਨੇ ਗੁਰੂ ਸਾਹਿਬ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਚੱਲ ਰਹੇ ਡੈਂਟਲ ਕਲੀਨਿਕ ਦੀਆਂ ਸੇਵਾਵਾਂ ਡਾ. ਅਕਸ਼ੈ ਠਾਕੁਰ (ਐੱਮ.ਡੀ.ਐੱਸ.) ਦੀ ਨਿਗਰਾਨੀ ਹੇਠ ਸਫਲਤਾਪੂਰਵਕ ਜਾਰੀ ਹਨ। ਕਲੀਨਿਕ ਵਿੱਚ ਮਰੀਜ਼ਾਂ ਨੂੰ ਉੱਚ ਪੱਧਰੀ ਦੰਦਾਂ ਦੀ ਜਾਂਚ, ਇਲਾਜ ਅਤੇ ਸਲਾਹ ਮੁਹੱਈਆ ਕਰਵਾਈ ਜਾ ਰਹੀ ਹੈ। ਡਾ. ਠਾਕੁਰ ਦੀ ਮਾਹਰਤਾ ਅਤੇ ਸਮਰਪਿਤ ਸੇਵਾ ਸਦਕਾ ਮਰੀਜ਼ਾਂ ਨੂੰ ਬਿਹਤਰ ਇਲਾਜ ਪ੍ਰਾਪਤ ਹੋ ਰਿਹਾ ਹੈ, ਜਿਸ ਕਾਰਨ ਉਹ ਕਲੀਨਿਕ ਦੀਆਂ ਸੇਵਾਵਾਂ ਤੋਂ ਸੰਤੁਸ਼ਟ ਹਨ। ਸਮਾਜ ਦੀ ਭਲਾਈ ਲਈ ਇਹ ਸੇਵਾ ਨਿਰੰਤਰ ਜਾਰੀ ਹੈ ਅਤੇ ਲੋੜਵੰਦ ਲੋਕ ਇਸ ਦਾ ਭਰਪੂਰ ਲਾਭ ਉਠਾ ਰਹੇ ਹਨ। ਡੈਂਟਲ ਕਲੀਨਿਕ ਸਮਾਜ ਪ੍ਰਤੀ ਫਾਊਂਡੇਸ਼ਨ ਦੀ ਸੇਵਾ ਭਾਵਨਾ ਦਾ ਇੱਕ ਮਹੱਤਵਪੂਰਨ ਉਪਰਾਲਾ ਹੈ।

4. **ਬਾਬਾ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਜੀ ਦੀ 76ਵੀਂ ਬਰਸੀ ਮਨਾਉਣ ਬਾਰੇ** - ਬਾਬਾ ਮੱਖਣ ਸਾਹ ਲੁਬਾਣਾ ਭਵਨ ਵਿਖੇ ਮਿਤੀ 21 ਜੂਨ 2026 ਦਿਨ ਐਤਵਾਰ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਦੀ ਪਾਵਨ ਬਰਸੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਜਾਵੇਗੀ। ਇਸ ਧਾਰਮਿਕ ਸਮਾਗਮ ਵਿੱਚ ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ ਅਤੇ ਜੰਮੂ-ਕਸ਼ਮੀਰ ਦੇ ਵੱਖ-ਵੱਖ ਖੇਤਰਾਂ ਤੋਂ ਲੁਬਾਣਾ ਸਮਾਜ ਦੀਆਂ ਪ੍ਰਮੁੱਖ ਸਖ਼ਸ਼ੀਅਤਾਂ, ਸਮਾਜ ਸੇਵਕਾਂ ਅਤੇ ਧਾਰਮਿਕ ਆਗੂਆਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ। ਸਮਾਗਮ ਦੌਰਾਨ ਰਸਭਿੰਨਾ ਗੁਰਬਾਣੀ ਕੀਰਤਨ ਅਤੇ ਗੁਰਮਤਿ ਕਥਾ ਰਾਹੀਂ ਸੰਗਤਾਂ ਨੂੰ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਨਾਲ ਜੋੜਿਆ ਜਾਵੇਗਾ। ਇਸ ਪਾਵਨ ਮੌਕੇ 'ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ ਅਤੇ ਆਉਣ ਵਾਲੀਆਂ ਸੰਗਤਾਂ ਇਸ ਦਾ ਭਰਪੂਰ ਲਾਭ ਪ੍ਰਾਪਤ ਕਰਨਗੀਆਂ। ਫਾਊਂਡੇਸ਼ਨ ਵੱਲੋਂ ਸਮੂਹ ਸੰਗਤਾਂ ਨੂੰ ਇਸ ਮਹਾਨ ਗੁਰਮਤਿ ਸਮਾਗਮ ਵਿੱਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਨਿਮਰ ਸੱਦਾ ਦਿੱਤਾ ਜਾਂਦਾ ਹੈ।

5. **ਫ਼ਾਇਰ-ਫ਼ਾਇਟਿੰਗ ਦੀ ਐਨ.ਓ.ਸੀ ਬਾਰੇ** - ਲੁਬਾਣਾ ਭਵਨ ਦੀ ਫਾਇਰ ਫਾਈਟਿੰਗ ਐਨ.ਓ.ਸੀ. ਸਬੰਧੀ ਸਥਿਤੀ ਇਸ ਸਮੇਂ ਪਹਿਲਾਂ ਵਾਂਗ ਹੀ ਬਰਕਰਾਰ ਹੈ। ਫਾਇਰ ਵਿਭਾਗ ਵੱਲੋਂ ਲੋੜੀਂਦੇ ਅਤੇ ਲਾਜਮੀ ਉਪਕਰਨਾਂ ਦੀ ਸਥਾਪਨਾ ਲਈ ਵੱਖ-ਵੱਖ ਏਜੰਸੀਆਂ ਤੋਂ ਕੋਟੇਸ਼ਨਾਂ ਪ੍ਰਾਪਤ ਕਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਦੇ ਨਾਲ-ਨਾਲ ਸਬੰਧਤ ਵਿਭਾਗ ਨਾਲ ਲਗਾਤਾਰ ਤਾਲਮੇਲ ਅਤੇ ਲਾਇਜਨਿੰਗ ਕੀਤੀ ਜਾ ਰਹੀ ਹੈ ਤਾਂ ਜੋ ਐਨ.ਓ.ਸੀ. ਪ੍ਰਾਪਤ ਕਰਨ ਲਈ ਲੋੜੀਂਦੀਆਂ ਸਾਰੀਆਂ ਸ਼ਰਤਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾ ਸਕੇ। ਫਾਊਂਡੇਸ਼ਨ ਇਸ ਮਾਮਲੇ ਨੂੰ ਪੂਰੀ ਗੰਭੀਰਤਾ ਨਾਲ ਦੇਖ ਰਹੀ ਹੈ ਅਤੇ ਇਸ ਸਬੰਧੀ ਹੋਣ ਵਾਲੀ ਹਰ ਮਹੱਤਵਪੂਰਨ ਤਰੱਕੀ ਅਤੇ ਅਪਡੇਟ ਸੰਗਤਾਂ ਅਤੇ ਮੈਂਬਰਾਂ ਨਾਲ ਸਮੇਂ-ਸਮੇਂ 'ਤੇ ਸਾਂਝੀ ਕੀਤੀ ਜਾਵੇਗੀ।

6. ਰਿਵਾਇਜ਼ਡ ਬਿਲਡਿੰਗ ਪਲਾਨ ਅਤੇ ਐਸ.ਡੀ.ਐਮ. (ਈਸਟ) ਵਿਖੇ ਚੱਲ ਰਹੇ ਕੇਸ ਦਾ ਵੇਰਵਾ - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਰਿਵਾਇਜਡ ਬਿਲਡਿੰਗ ਪਲਾਨ ਅਤੇ ਐਸ.ਡੀ.ਐਮ. (ਈਸਟ) ਦਫਤਰ ਵਿੱਚ ਚੱਲ ਰਹੇ ਕੇਸ ਸਬੰਧੀ ਲੋੜੀਂਦੀਆਂ ਕਾਰਵਾਈਆਂ ਲਗਾਤਾਰ ਜਾਰੀ ਹਨ। ਰਿਵਾਇਜਡ ਬਿਲਡਿੰਗ ਪਲਾਨ ਨਾਲ ਸੰਬੰਧਿਤ ਸਾਰੇ ਦਸਤਾਵੇਜ਼ ਅਤੇ ਅਪਡੇਟਾਂ ਐਸਟੇਟ ਦਫਤਰ ਦੇ ਆਨਲਾਈਨ ਪੋਰਟਲ 'ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ ਅਤੇ ਹੁਣ ਉਨ੍ਹਾਂ ਵੱਲੋਂ ਅਗਲੀ ਕਾਰਵਾਈ ਅਤੇ ਜਵਾਬ ਦੀ ਉਡੀਕ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਐਸ.ਡੀ.ਐਮ. (ਈਸਟ) ਦਫਤਰ ਵਿੱਚ ਚੱਲ ਰਹੇ ਕੇਸ ਦੀ ਅਗਲੀ ਸੁਣਵਾਈ 8 ਜੂਨ ਨੂੰ ਨਿਰਧਾਰਿਤ ਹੈ। ਫਾਊਂਡੇਸ਼ਨ ਵੱਲੋਂ ਇਸ ਮਾਮਲੇ ਦੀ ਨਿਰੰਤਰ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਇਸ ਸਬੰਧੀ ਹੋਣ ਵਾਲੀ ਹਰ ਨਵੀਂ ਪ੍ਰਗਤੀ ਅਤੇ ਮਹੱਤਵਪੂਰਨ ਜਾਣਕਾਰੀ ਸੰਗਤਾਂ ਅਤੇ ਮੈਂਬਰਾਂ ਨਾਲ ਸਮੇਂ-ਸਮੇਂ 'ਤੇ ਸਾਂਝੀ ਕੀਤੀ ਜਾਵੇਗੀ।

7. ਮੈਰਿਟ ਕਮ ਮੀਨਜ਼ ਸਕਾਲਰਸ਼ਿਪ - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.), ਚੰਡੀਗੜ੍ਹ ਵਲੋਂ ਮੈਰਿਟ ਕਮ ਮੀਨਜ਼ ਸਕਾਲਰਸ਼ਿਪ ਸਕੀਮ ਦੇ ਅਧੀਨ ਹੋਨਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਾਲੀ ਮਦਦ ਕਰਨ ਲਈ ਇਸ ਸਾਲ ਦੀ ਸਕਾਲਰਸ਼ਿਪ ਸਕੀਮ, ਜਿਸ ਦੇ ਕਨਵੀਨਰ ਲੈਕਚਰਾਰ ਗੁਲਸਨ ਕੁਮਾਰ ਸਿੰਘ, ਸੀਨੀ. ਵਾਈਸ ਪ੍ਰਧਾਨ (ਹੈ.ਕੁ.), ਅਤੇ ਕੋ-ਕਨਵੀਨਰ ਕਰਨਲ ਗੁਰਦੀਪ ਸਿੰਘ, ਵਾਈਸ ਪ੍ਰਧਾਨ (ਹੈ. ਕੁ.), ਅਤੇ ਨਾਲ ਹੀ ਕਮੇਟੀ ਦੇ ਬਾਕੀ ਮੈਂਬਰ ਵੀ ਸ਼ਾਮਲ ਹਨ। ਇਸ ਸਕੀਮ ਦੇ ਅਧੀਨ ਕਾਫ਼ੀ ਸਾਰੇ ਹੋਣਹਾਰ ਅਤੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਪਹਿਲਾਂ ਹੀ ਸਕਾਲਰਸ਼ਿਪ ਦੀ ਰਾਸ਼ੀ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਅਦਾ ਕਰ ਦਿੱਤੀ ਗਈ ਹੈ। ਇਸੇ ਸਕੀਮ ਦੇ ਅਧੀਨ 6 ਹੋਰ ਵਿਦਿਆਰਥੀਆਂ ਦੇ ਦਸਤਾਵੇਜ਼ ਸੰਪੂਰਨ ਹੋਣ ਉਪਰੰਤ ਮਈ ਮਹੀਨੇ ਦੇ ਅੰਤ ਵਿੱਚ ਬਣਦੀ ਰਾਸ਼ੀ ਅਦਾ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ 2 ਹੋਰ ਬੱਚੇ ਜਿਹਨਾਂ ਦੇ ਪਿਤਾ ਜੀ ਦਾ ਦੇਹਾਂਤ ਹੋ ਚੁੱਕਾ ਹੈ ਅਤੇ ਉਹ ਬਹੁਤ ਹੀ ਗਰੀਬ ਹਨ, ਇਹਨਾਂ ਬੱਚਿਆ ਨੂੰ ਵੀ ਮਾਲੀ ਮਦਦ ਕਰ ਦਿੱਤੀ ਗਈ ਹੈ ।

8. ਭਵਨ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ - ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ ਵੱਲੋਂ ਮਈ ਮਹੀਨੇ ਦੌਰਾਨ ਭਵਨ ਵਿੱਚ ਕਈਂ ਮਹੱਤਵਪੂਰਨ ਕੰਮ ਸੰਪੰਨ ਕੀਤੇ ਗਏ -

(ਓ) ਲੁਬਾਣਾ ਭਵਨ ਵਿਖੇ ਸਥਿੱਤ ਗੁਰੂ ਘਰ ਵਿੱਚ, ਗੈਸਟ ਰੂਮਾਂ, ਦਫ਼ਤਰਾਂ, ਲਾਇਬ੍ਰੇਰੀ, ਮਿੰਨੀ ਹਾਲ ਅਤੇ ਮਿੰਨੀ ਲੈਕਚਰ ਹਾਲ ਵਿਚ ਲੱਗੇ ਹੋਏ ਸਾਰੇ ਏ.ਸੀ. ਦੀ ਸਰਵਿਸ ਕਰਵਾਉਣ ਦਾ ਕੰਮ ਵੀ ਸੰਪੂਰਨ ਕਰ ਲਿਆ ਗਿਆ ਹੈ।

(ਅ) ਲੁਬਾਣਾ ਭਵਨ ਦੀ ਮੇਨ ਬਿਲਡਿੰਗ ਦੇ ਕੋਰੀਡੋਰ ਦੀ ਐਂਟ੍ਰੈਂਸ ਦੀਆਂ ਛੱਤਾਂ ਅਤੇ ਦੀਵਾਰਾਂ ਨੂੰ ਸੰਪੂਰਨ ਤੌਰ ਤੇ ਸਫ਼ੇਦੀ ਦਾ ਕੰਮ, ਕਨਵੀਨਰ ਕਰਨਲ ਗੁਰਦੀਪ ਸਿੰਘ (ਰਿਟਾ.), ਵੀ.ਪੀ. (ਹੈ.ਕੁ.) ਦੀ ਦੇਖ-ਰੇਖ ਵਿੱਚ ਬਹੁਤ ਹੀ ਸੁਚੱਜੇ ਢੰਗ ਨਾਲ ਮੁਕੰਮਲ ਕਰ ਲਿਆ ਗਿਆ ਹੈ।

• • •

ਕੋਸ਼ਿਸ਼ ਆਖਰੀ ਸਾਹਾਂ ਤੱਕ ਕਰਨੀ ਚਾਹੀਦੀ ਹੈ।
ਸਫਲਤਾ ਮਿਲੇ ਜਾਂ ਤਜ਼ਰਬਾ, ਦੋਵੇਂ ਹੀ ਕੀਮਤੀ ਹਨ।

ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਲੁਬਾਣਾ

ਭਾਈ ਕਾਹਨ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਲੁਬਾਣੇ ਦੇ ਅਰਥ ਕੀਤੇ ਹਨ - ਲੂਣ ਆਦਿ ਸਮਗਰੀ ਦੇਸਾਂਤਰ ਵਿਚ ਲਿਜਾ ਕੇ ਵਪਾਰ ਕਰਨ ਵਾਲੇ ਵਪਾਰੀ। ਇਕ ਜਾਤੀ ਜਿਨ੍ਹਾਂ ਦੇ ਇਸ ਤਰ੍ਹਾਂ ਵਪਾਰ ਕਰਨ ਨਾਲ ਸੰਗਿਆ ਲੁਬਾਣਾ ਪੈ ਗਈ। ਇਸ ਤੋਂ ਸਿੱਧ ਹੁੰਦਾ ਹੈ ਕਿ ਲੁਬਾਣਾ ਅਤੇ ਵਣਜਾਰੇ ਦਾ ਅਰਥ ਇਕੋ ਹੀ ਹੈ। ਇਹ ਦੋਵੇਂ ਸ਼ਬਦ ਵਣਜਾਰਾ ਅਤੇ ਲੁਬਾਣਾ ਦੋਹਾਂ ਵਿਚ ਹੀ ਵਰਤੇ ਜਾਂਦੇ ਹਨ ਅਤੇ ਦੋਵੇਂ ਹੀ ਆਪਣੇ ਆਪ ਨੂੰ ਰਾਜਪੂਤ ਪ੍ਰਗਟ ਕਰਦੇ ਹਨ। ਸਿੰਧ ਦੇ ਚੁਹਾਨ, ਪ੍ਰਮਾਰ, ਰਾਠੌਰ, ਸਭ ਆਪਣੇ ਆਪ ਨੂੰ ਲੁਬਾਣੇ ਲਿਖਾਉਂਦੇ ਹਨ। ਉਨ੍ਹਾਂ ਨੂੰ ਪੁੱਛੀਏ ਤਾਂ ਭੀ ਉਹ ਆਪਣੇ ਆਪ ਨੂੰ ਵਣਜਾਰੇ ਹੀ ਲਿਖਾਉਂਦੇ ਹਨ। ਪਰ ਇਨ੍ਹਾਂ ਲੁਬਾਣਿਆਂ ਦੀਆਂ ਜਾਤਾਂ ਗੋਤਾਂ ਰਾਠੌਰਾਂ ਨਾਲ ਨਹੀਂ ਮਿਲਦੀਆਂ। ਇਨ੍ਹਾਂ ਦੀਆਂ ਜਾਤਾਂ ਗੋਤਾਂ ਲੁਬਾਣਿਆਂ ਨਾਲ ਹੀ ਮਿਲਦੀਆਂ ਹਨ। ਮਹਾਂਰਾਸ਼ਟਰ ਦੇ ਲੁਬਾਣੇ ਵਣਜਾਰੇ ਸਭ ਗੁਰੂ ਨਾਨਕ ਨਾਮ ਲੇਵਾ ਹਨ। ਦਸਵੰਧ ਕੱਢਦੇ ਹਨ। ਇਹ ਬਹੁਤੇ ਆਪਣੇ ਆਪ ਨੂੰ ਸੱਚਖੰਡ ਸੀ ਹਜ਼ੂਰ ਸਾਹਿਬ ਵਾਲੇ ਦੇ ਸਿੱਖ ਪ੍ਰਗਟ ਕਰਦੇ ਹਨ। ਸਾਲ ਦੇ ਪਿੱਛੋਂ ਜਾ ਕੇ ਸ੍ਰੀ ਹਜ਼ੂਰ ਸਾਹਿਬ ਦਸਵੰਧ ਭੇਟਾ ਕਰਦੇ ਹਨ। ਇਸ ਤਰ੍ਹਾਂ ਗੁਰਬਾਣੀ ਦੇ ਆਧਾਰ ਤੇ ਅਤੇ ਆਪਣੇ ਆਪ ਨੂੰ ਗੁਰੂ ਨਾਨਕ ਨਾਮ ਲੇਵਾ ਹੋਣ ਦੇ ਨਾਤੇ ਲੁਬਾਣਾ ਬਰਾਦਰੀ ਦਾ ਗੁਰੂ ਘਰ ਨਾਲ ਪੁਰਾਣਾ ਸੰਬੰਧ ਚਲਿਆ ਆ ਰਿਹਾ ਹੈ।

ਇਤਿਹਾਸਕ ਤੌਰ ਤੇ ਲੁਬਾਣਾ ਬਰਾਦਰੀ ਦਾ ਗੁਰੂ ਘਰ ਨਾਲ ਸੰਬੰਧ

ਭਾਈ ਭਗੀਰਥ

ਸੁਲਤਾਨਪੁਰ ਤੋਂ ਦੋ ਤਿੰਨ ਕੋਹ ਮਲਸੀਆ ਨਗਰ ਦਾ ਰਹਿਣ ਵਾਲਾ, ਪਿੰਡ ਦਾ ਚੌਧਰੀ ਭਾਈ ਭਗੀਰਥ ਸੀ ਜੋ ਕਾਲੀ ਦੇਵੀ ਦਾ ਉਪਾਸ਼ਕ ਸੀ। ਕਿਤਨਾ ਸਮਾਂ ਉਸ ਨੂੰ ਦੇਵੀ ਦਾ ਧਿਆਨ ਕਰਦਿਆਂ ਬੀਤ ਗਿਆ, ਪਰ ਮਨ ਨੂੰ ਠੰਢ ਨਾ ਪਈ ਅਤੇ ਨਾ ਹੀ ਆਏ ਗਏ ਸਾਧਾਂ ਤੋਂ ਪੁੱਛਣ ਤੇ ਇਹ ਭਰੋਸਾ ਮਿਲਿਆ ਕਿ ਦੇਵੀ ਦੀ ਉਪਾਸ਼ਨਾ ਕਰਨ ਨਾਲ ਮੁਕਤੀ ਮਿਲੇਗੀ। ਪਰ ਫਿਰ ਭੀ ਦੇਵੀ ਪਾਸੋਂ ਹੀ ਮੁਕਤੀ ਦੀ ਯਾਚਨਾ ਕਰਦਾ ਰਿਹਾ। ਇਕ ਦਿਨ ਸਾਰਾ ਦਿਨ ਹੀ ਮੰਦਰ ਵਿਚ ਰਿਹਾ ਅਤੇ ਰਾਤ ਨੂੰ ਭੀ ਮੰਦਰ ਵਿਚ ਹੀ ਰਿਹਾ। ਅੱਧੀ ਰਾਤ ਉਸ ਨੂੰ ਕਾਲੀ ਦਾ ਰੂਪ ਦਿੱਸਿਆ ਤੇ ਉਸ ਤੋਂ ਆਵਾਜ਼ ਆਈ-ਕਲਿਆਣ ਕਰਨ ਵਾਲਾ ਗੁਰੂ ਨਾਨਕ ਹੈ ਤੇ ਸੁਲਤਾਨਪੁਰ, ਮੋਦੀ ਦੇ ਰੂਪ ਵਿਚ ਲੁਕਿਆ ਬੈਠਾ ਹੈ। ਭਗੀਰਥ ਨੂੰ ਨਿਸ਼ਚਾ ਹੋ ਗਿਆ। ਸੁਲਤਾਨਪੁਰ ਪੁੱਜਾ। ਉਸ ਕਲਿਆਣ ਕਰਤਾ ਦੇ ਦਰਸ਼ਨ ਕੀਤੇ, ਸੀਨੇ ਠੰਢ ਪਈ। ਨਿਸਚਾ ਹੋ ਗਿਆ ਕਿ ਇਹ ਠੀਕ ਮੁਕਤੀ ਦਾਤਾ ਹੈ। ਰਾਤ ਇਥੇ ਹੀ ਰਿਹਾ। ਅੱਧੀ ਰਾਤ ਕੀ ਦੇਖਦਾ ਹੈ ਕਿ ਇਹ ਅਸ਼ਟਭੁਜੀ ਇਸਤ੍ਰੀ ਝਾੜੂ ਦੇ ਰਹੀ ਹੈ। ਭਗੀਰਥ ਨੇ ਪੁੱਛਿਆ- ਤੂੰ ਕੌਣ ਹੈਂ? ਉਸ ਆਖਿਆ-ਮੈਂ ਦੇਵੀ ਹਾਂ। ਭਗੀਰਥ ਨੇ ਕਿਹਾ-ਤੈਨੂੰ ਤਾਂ ਜਗਤ ਮਾਤਾ ਕਹਿੰਦੇ ਹਨ। ਤੂੰ ਇਥੇ ਝਾੜੂ ਕਿਉਂ ਕਰ ਰਹੀ ਹੈਂ? ਉਸ ਕਿਹਾ-ਇਹ ਪ੍ਰਮੇਸ਼ਰ ਦਾ ਨਿਰਗੁਣ ਸਰੂਪ ਹਨ, ਮੈਂ ਇਨ੍ਹਾਂ ਦੀ ਸੇਵਾ ਕਰਕੇ ਸ਼ਕਤੀਵਾਨ ਹੁੰਦੀ ਹਾਂ। ਇਹ ਗੱਲ ਸੁਣ ਕੇ ਭਗੀਰਥ ਦੇ ਭਰਮ ਭੁਲੇਖੇ ਦੂਰ ਹੋ ਗਏ ਤੇ ਭਰੋਸੇ ਵਿਚ ਆ ਗਿਆ ਕਿ ਕਲਿਆਣ ਦੇ ਦਾਤੇ ਇਹੋ ਹਨ। ਭਗੀਰਥ ਸੁਲਤਾਨਪੁਰ ਹੀ ਰਹਿਣ ਲੱਗਾ। ਸਤਿਗੁਰੂ ਨਾਨਕ ਦੇਵ ਜੀ ਨੇ ਅਧਿਕਾਰੀ ਦੇਖਿਆ, ਨਾਮ ਸਿਮਰਨ ਦੀ ਦਾਤ ਬਖ਼ਸ਼ ਦਿੱਤੀ। ਭਗੀਰਥ ਇਕ ਵੰਨਗੀ ਦਾ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਸਿੱਖ ਬਣਿਆ। ਹਰ ਵਕਤ ਸਤਿਗੁਰਾਂ ਦੇ ਪਾਸ ਹੀ ਰਹਿੰਦਾ ਸੀ।

ਇਨ੍ਹਾਂ ਦਿਨਾਂ ਵਿਚ ਇਕ ਗਰੀਬ ਨਿਰਧਨ ਖੱਤਰੀ, ਬੜਾ ਆਜਿਜ਼, ਜਿਸ ਦੇ ਘਰ ਇਕ ਬੇਟੀ ਵਿਆਹੁਣਯੋਗ ਸੀ ਤੇ ਕਾਕੇ ਦਾ ਵਿਆਹ ਵੀ ਨੇੜੇ ਸੀ, ਇਸ ਦੇ ਪਾਸ ਕੁੱਝ ਨਹੀਂ ਸੀ। ਗੁਰੂ ਬਾਬੇ ਦਾ ਪਿਆਰ ਵਾਲਾ ਸੀ। ਉਸ ਨੇ ਆਪਣੀ ਮੁਸ਼ਕਲ ਦੱਸੀ ਤੇ ਕਿਹਾ ਕਿ ਤੇਰੇ ਦਰ ਤੇ ਅਰਜ਼ ਹੈ, ਮਿਹਰ ਹੋ ਜਾਵੇ। ਸਤਿਗੁਰੂ ਨਜ਼ਰ ਭਰ ਕੇ ਤੱਕਿਆ। ਨਜ਼ਰ ਦੇ ਨਿਸ਼ਾਨੇ ਹੇਠ ਆ ਗਿਆ। ਸਤਿਗੁਰ ਬੋਲੇ-ਭਗੀਰਥ ਪੁਰਕਾਂ, ਲਿਖ ਵਿਆਹ ਦੀ ਸਮਗਰੀ। ਜੋ ਖੱਤਰੀ ਨੇ ਕਿਹਾ ਸਮਗਰੀ ਲਿਖੀ ਗਈ, ਕਹਿਣ ਲੱਗੇ- ਕਾਗਦ ਖੀਸੇ ਵਿਚ ਪਾ ਲੈ ਤੇ ਰੂਪੈ ਵਾਸਨੀ ਵਿਚ ਪਾ ਲੈ। ਲਾਹੌਰ ਜਾਵੋ ਪਰ ਲਾਹੌਰ ਇਕ ਰਾਤ ਤੋਂ ਵੱਧ ਨਹੀਂ ਰਹਿਣਾ। ਆਗਿਆ ਪਾ ਕੇ ਭਗੀਰਥ ਲਾਹੌਰ ਪੁੱਜਾ।

ਚਲਦਾ

* * * * *

ਦੁਨੀਆਂ ਇਕ ਅਜਿਹੀ ਕਚਹਿਰੀ ਹੈ, ਜਿਥੇ ਹਰ ਰੋਜ਼ ਹਰ ਕੋਈ ਸਫ਼ਾਈ ਦਿੰਦਾ ਹੀ ਨਜ਼ਰ ਆਉਂਦਾ ਹੈ।

ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

ਦੇਹਿ ਅਰੋਗਤਾ ਵਿਚ ਪਏ ਵਿਘਨ ਅਤੇ ਮੇਰੇ ਪੇੜ ਪੌਦੇ

ਕਪੂਰਥਲਾ ਦੇ ਮਾਲ ਰੋਡ ਨਾਲ ਲਗਦੇ ਕੈਮਰਾ ਬਾਗ ਵਿਚ ਸਵੇਰੇ ਸੈਰ ਵੇਲੇ ਕਈ ਵਾਰੀ ਗੱਲਬਾਤ ਕਰਦਿਆਂ ਬਿਤਾਏ ਗਏ ਸਾਲਾਂ ਦੀ ਗਿਣਤੀ ਵਿਚ ਮੈਂ ਸਾਰਿਆਂ ਨਾਲੋਂ ਸੀਨੀਅਰ ਹੀ ਨਿਕਲਦਾ ਹਾਂ। ਉਸ ਵੇਲੇ ਫ਼ਾਰਸੀ ਜ਼ਬਾਨ ਦੀਆਂ ਦੋ ਲਾਈਨਾਂ ਯਾਦ ਆਉਂਦੀਆਂ ਹਨ :-

ਬਜ਼ੁਰਗੀ ਬਾ-ਅਕਲ ਅਸਤ ਨਾ-ਬਾ-ਸਾਲ।

ਤਵੰਗਰੀ ਬਾ-ਦਿਲ ਅਸਤ ਨਾ-ਬਾ-ਮਾਲ।

ਅਰਥਾਤ ਬਜ਼ੁਰਗੀ ਸਾਲਾਂ ਨਾਲ ਨਹੀਂ, ਬਲਕਿ ਅਕਲ ਨਾਲ ਹੁੰਦੀ ਹੈ।

ਅਮੀਰੀ ਰੁਪਏ ਪੈਸੇ ਨਾਲ ਨਹੀਂ ਬਲਕਿ ਦਿਲ ਨਾਲ ਹੁੰਦੀ ਹੈ। ਉਮਰ ਬਾਰੇ ਪੁੱਛਣ ਤੇ ਕਿਹਾ ਕਰਦਾ ਹਾਂ ਕਿ ਇਹ ਤਾਂ ਗੁਰੂ ਮਹਾਰਾਜ ਦੀ ਬਖਸ਼ਿਸ਼ ਹੁੰਦੀ ਹੈ ਕਿਸੇ ਵਿਸ਼ੇਸ਼ ਜੀਵਨ ਜਾਚ ਦੀ ਜਾਦੂਗਰੀ ਨਹੀਂ। ਹਾਲਾਤ ਅਨੁਸਾਰ ਜੀਵਨ ਵਿਚ ਸੰਘਰਸ਼ ਪੂਰਵਕ ਨਿਰੰਤਰ ਮਿਹਨਤ ਕਰਨੀ ਪਈ। ਸਬਰ ਸੰਤੋਖ ਅਤੇ ਸੰਜਮ ਦਾ ਹਮੇਸ਼ਾ ਦਾਮਨ ਸੰਭਾਲੀ ਰੱਖਿਆ। ਜੀਵਨ ਵਿਚ ਵਿਚਰਦੇ ਹਰ ਕੰਮਕਾਜ ਵਿਚ 'ਗੋਲਡਨ ਮਿਡਲ ਵਤੀਰਾ' ਅਖਤਿਆਰ ਕੀਤਾ। ਕਿਸੇ ਵੇਲੇ ਵੀ ਅਤਿ ਵੱਲ ਨਜ਼ਰ ਨਹੀਂ ਗਈ। ਜ਼ਿੰਦਗੀ ਨੂੰ ਪ੍ਰਮਾਤਮਾ ਦੀ ਬੇਸ਼ਕੀਮਤ ਨਿਆਮਤ ਜਾਣ ਕੇ, ਖੈਰ-ਖਾਹਾਂ ਦੇ ਸਹਿਯੋਗ ਨਾਲ, ਇਸ ਦਾ ਹਰ ਪਲ ਜਿਊਣ ਲਈ ਅਤੇ ਆਪਣੇ ਸਿਰ ਚੜ੍ਹੇ ਸੋਸਾਇਟੀ ਦੇ ਕਰਜ਼ ਨੂੰ ਕੁਝ ਘੱਟ ਕਰਨ ਲਈ ਸਮਾਜ ਸੇਵਾ ਦੁਆਰਾ ਯਤਨਸ਼ੀਲ ਰਿਹਾ ਹਾਂ।

ਜੀਵਨ ਵਿਚ ਦੇਹਿ-ਅਰੋਗਤਾ ਵਿਚ ਵਿਘਨ ਪਾਉਣ ਵਾਲੇ ਛੋਟੇ-ਮੋਟੇ ਰੋਗਾਂ ਪ੍ਰਤੀ ਵੀ ਰੱਬ ਦੀ ਮਿਹਰ ਰਹੀ। ਚੇਚਕ (ਮਾਤਾ) ਅਤੇ ਟਾਈਫਾਈਡ (ਮਿਆਦੀ ਬੁਖਾਰ) ਤੋਂ ਤਾਂ ਛੋਟੀ ਉਮਰ ਵਿਚ ਹੀ ਕਿਸੇ ਦਵਾ ਦਾਰੂ ਬਿਨਾਂ ਹੀ ਜਾਨ ਬਚ ਗਈ ਸੀ। ਇਸ ਤੋਂ ਬਾਅਦ ਪੜ੍ਹਾਈ ਅਤੇ ਸੇਵਾ ਕਾਲ ਦੌਰਾਨ ਕਦੀ ਬੁਖਾਰ ਹੋਇਆ ਵੀ ਯਾਦ ਨਹੀਂ ਆਉਂਦਾ। ਸੇਵਾ ਮੁਕਤ ਹੋਣ ਉਪਰੰਤ ਰੰਗ ਬਰੰਗੇ ਦਿਲਚਸਪ ਰੋਗਾਂ ਨਾਲ ਦੋ-ਚਾਰ ਹੋਣਾ ਪਿਆ।

1. **ਪਲੂਰਿਸੀ (Pleurisy)** : 8-10-1999 ਕਈ ਦਿਨਾਂ ਤੱਕ ਦਵਾਈ ਲੈਣ ਦੇ ਬਾਵਜੂਦ ਬੁਖਾਰ ਨਾ ਉਤਰਨ ਤੇ ਸਿਵਲ ਹਸਪਤਾਲ ਕਪੂਰਥਲਾ ਦੇ ਡਾ. ਬਲਬੀਰ ਸਿੰਘ ਮੁਲਤਾਨੀ ਨੇ ਚੈੱਸਟ ਦਾ ਐਕਸਰੇ ਕਰਵਾਇਆ ਜਿਸ ਤੋਂ ਚੈਸਟ ਦੀ ਇਨਫੈਕਸ਼ਨ ਅਤੇ ਖੱਬੇ ਫੇਫੜੇ ਵਿਚ ਪਾਣੀ ਭਰ ਜਾਣ ਦਾ ਪਤਾ ਲੱਗਾ। ਇਹ ਰੋਗ ਬੈਕਟੀਰੀਆ ਇਨਫੈਕਸ਼ਨ ਨਾਲ ਹੁੰਦਾ ਹੈ। ਇਸ ਟੀ.ਬੀ. ਵਰਗੇ ਪਰ ਕੁਝ ਘੱਟ ਖਤਰਨਾਕ ਰੋਗ ਦਾ ਇਲਾਜ ਅੰਮ੍ਰਿਤਸਰ ਦੇ ਚੈੱਸਟ ਮਾਹਿਰ ਡਾ. ਭਾਟੀਆ ਕੋਲੋਂ ਕਰਵਾਇਆ ਗਿਆ। ਇਸ ਵਿਚ ਕਪੂਰਥਲਾ ਦੇ ਚੈਸਟ ਮਾਹਿਰ ਡਾ. ਹਰਜੀਤ ਸਿੰਘ ਬਤਰਾ ਨੇ ਵੀ ਆਪਣਾ ਯੋਗਦਾਨ ਪਾਇਆ। ਛੇ ਮਹੀਨੇ ਦੇ ਇਲਾਜ ਤੋਂ ਬਾਅਦ ਡਾ. ਭਾਟੀਆ ਨੇ ਮੇਰੀ ਟਰੀਟਮੈਂਟ ਫਾਇਲ ਵਿਚ ਲਿਖ ਦਿੱਤਾ ਕਿ ਟੀ.ਬੀ. ਕਿਉਰਡ ਫਾਰ ਲਾਈਫ਼।

2. **ਡਿਸਫਾਗੀਆ (Disfogia)** : ਇਹ ਇਕ ਨਿਗਲਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਨ ਵਾਲਾ ਰੋਗ ਹੈ। ਆਮ ਤੌਰ ਤੇ ਇਹ ਰੋਗ ਵਡੇਰੀ ਉਮਰ ਦੇ ਬਜ਼ੁਰਗਾਂ 'ਚ ਦੇਖਿਆ ਜਾਂਦਾ ਹੈ। ਇਸ ਵਿਚ ਛਾਤੀ ਵਿਚ ਭੋਜਨ ਅੜਨ ਦਾ ਅਹਿਸਾਸ ਹੁੰਦਾ ਹੈ। ਪਿਛਲੇ ਦੋ ਤਿੰਨ ਸਾਲਾਂ ਤੋਂ ਮੈਨੂੰ ਕਦੇ-ਕਦੇ ਰੋਟੀ ਖਾਣੀ ਅਧਿ ਵਿਚਾਲੇ ਬੰਦ ਕਰਨੀ ਪੈਂਦੀ ਸੀ। ਲਗਭਗ ਅੱਧਾ ਘੰਟਾ ਏਧਰ ਉਧਰ ਚਲਣ ਨਾਲ ਖਾਣ ਵਾਲੀ ਨਾੜੀ ਵਿਚ ਹਵਾ ਪਾਸ ਹੋਣ ਮਗਰੋਂ ਠੀਕ ਹੋ ਜਾਂਦੀ ਹੈ ਅਤੇ ਖਾਣਾ ਖਾਧਾ ਜਾ ਸਕਦਾ ਹੈ। ਇਹ ਵੱਧਦੀ ਉਮਰ 'ਚ ਮਾਸਪੇਸ਼ੀਆਂ ਦੇ ਕਮਜ਼ੋਰ ਹੋਣ ਕਾਰਨ ਹੋ ਸਕਦਾ ਹੈ। ਡਾ. ਸ਼ਰਮਾ ਨੇ ਇਸ ਲਈ ਪੇਟ ਵਿਚ ਗੈਸ ਨੂੰ ਠੀਕ ਕਰਨ ਲਈ ਕੈਪਸੂਲ ਦਿੱਤਾ ਹੈ। ਜਿਸ ਨਾਲ ਮੈਨੂੰ ਰਾਹਤ ਮਿਲੀ ਹੈ। ਖਾਣਾ ਖਾਣ ਤੇ ਸਮਾਂ ਵੀ ਜ਼ਿਆਦਾ ਲੱਗਦਾ ਹੈ।

(ਚਲਦਾ)

* * * * *

ਜ਼ਿੰਦਗੀ ਨੂੰ ਖੁੱਲ੍ਹੀ ਕਿਤਾਬ ਨਾ ਬਣਾਓ, ਕਿਉਂਕਿ ਲੋਕਾਂ ਨੂੰ ਪੜ੍ਹਨ ਵਿਚ ਨਹੀਂ ਵਰਕੇ ਪਾੜ੍ਹਣ ਵਿਚ ਸੁਆਦ ਆਉਂਦਾ ਹੈ।

ਸ਼ਹੀਦਾਨਿ-ਵਫ਼ਾ ਅਤੇ ਰੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਰੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

101.

''ਐਸਾ ਨਾ ਹੋ ਕਿ ਤਖ਼ਤ ਸੇ ਤਖ਼ਤਾ ਨਸੀਬ ਹੋ।
ਦੁਸ਼ਮਨ ਤੁਮ੍ਹਾਰੀ ਜਾਨ ਕਾ, ਹਰ ਇਕ ਹਬੀਬ ਹੋ।
ਤੁਮ ਆਲੀ-ਖ਼ਾਨਦਾਨ ਹੋ, ਸ਼ਰੀਫ ਵ ਨਜੀਬ ਹੋ।
ਦੇਖੋ ਬਚਾ ਰਹਾ ਹੂੰ, ਤੁਮ ਗੜ੍ਹੇ ਕੇ ਕਰੀਬ ਹੋ।
ਕਿਉਂ ਰਹਿਮ ਕਰਕੇ ਲੇਤੇ ਹੋ ਦੋਜ਼ਖ਼ ਜਹਾਨ ਮੇਂ।
ਜੋੜੇ ਹੂਏ ਹੈਂ ਤੀਰ ਮੁਕੱਦਰ ਕਮਾਨ ਮੇਂ।''

ਅਜਿਹਾ ਨਾ ਹੋਵੇ ਕਿ ਤਖ਼ਤ ਹਾਸਲ ਕਰਦੇ-ਕਰਦੇ ਤਖ਼ਤਾ (ਫਾਂਸੀ) ਮਿਲ ਜਾਵੇ ਅਤੇ ਹਰ ਇਕ ਦੋਸਤ ਤੁਹਾਡੀ ਜਾਨ ਦਾ ਦੁਸ਼ਮਣ ਬਣ ਜਾਵੇ। ਤੁਸੀਂ ਉੱਚੇ ਖ਼ਾਨਦਾਨ ਨਾਲ ਸੰਬੰਧ ਰੱਖਦੇ ਹੋ, ਸਾਊ ਹੋ, ਕੁਲੀਨ ਹੋ। ਇਸ ਸਮੇਂ ਤੁਸੀਂ ਇਕ ਟੋਏ ਦੇ ਨਜ਼ਦੀਕ ਖੜ੍ਹੇ ਹੋ, ਵੇਖਣਾ-ਕਿਤੇ ਡਿੱਗ ਨਾ ਜਾਣਾ। ਇਨ੍ਹਾਂ ਬੱਚਿਆਂ ਉੱਤੇ ਤਰਸ ਖਾ ਕੇ ਨਰਕ ਕਿਉਂ ਖੱਟ ਰਹੇ ਹੋ? ਤਕਦੀਰ ਰੂਪੀ ਕਮਾਨ ਵਿਚ ਤੀਰ ਚੜ੍ਹ ਚੁੱਕੇ ਹਨ।

102.

''ਮੁਨਜ਼ਰ ਜਬ ਕਿ ਸਾਂਪ ਕਾ ਸਰ ਭੀ ਹੈ ਫੋੜਨਾ।
ਬੇਜਾ ਹੈ ਫਿਰ ਤੋ ਬੱਚਾਇ-ਅਫ਼ਈਂ ਕੋ ਛੋੜਨਾ।
ਦਸਵੇਂ ਗੁਰੂ ਕਾ ਹੋ ਜੋ ਖ਼ਜ਼ਾਨਾ ਬਟੋਰਨਾ।
ਬੱਚੋਂ ਕੀ, ਪਹਿਲੇ ਬਾਪ ਸੇ, ਗਰਦਨ ਮਰੋੜਨਾ।
ਨਾਜ਼ਿਮ ਥਾ ਇਸ ਲਈਨ ਕੀ ਬਾਤੋਂ ਮੇਂ ਆ ਗਿਆ।
ਬੇਮਿਹਰ ਬੇਧਰਮ ਕੀ ਥਾ ਘਾਤੋਂ ਮੇਂ ਆ ਗਿਆ।''

ਜਦੋਂ ਪੱਕੀ ਤਰ੍ਹਾਂ ਧਾਰ ਲਿਆ ਹੈ ਕਿ ਸੱਪ ਦੀ ਸਿਰੀ ਫੇਹੜੀ ਹੈ ਤਾਂ ਫਿਰ ਸੱਪ ਦੇ ਬੱਚਿਆਂ ਨੂੰ ਛੱਡਣਾ ਬੇਵਜਾਹ ਹੈ। ਜਦੋਂ ਦਸਵੇਂ ਗੁਰੂ ਦਾ ਖਜ਼ਾਨਾ ਲੁੱਟਣ ਦੀ ਮਨਸ਼ਾ ਹੈ ਤਾਂ ਬਾਪ ਤੋਂ ਪਹਿਲਾਂ ਬੱਚਿਆਂ ਦੀ ਗਰਦਨ ਮਰੋੜਨੀ ਹੋਵੇਗੀ। ਨਵਾਬ ਇਸ ਕਮੀਣੇ ਦੀਆਂ ਗੱਲਾਂ ਵਿਚ ਆ ਗਿਆ ਅਤੇ ਨਿਰਦਈ ਤੇ ਅਧਰਮੀ ਦੀਆਂ ਚਾਲਾਂ ਵਿਚ ਫਸ ਗਿਆ।

103.

ਦੋ ਭਾਈ ਸ਼ੇਰ ਖ਼ਾਨ ਵ ਖ਼ਿਜ਼ਰ ਖਾਂ ਪਠਾਨ ਥੇ।
ਮਾਲੇਰਕੋਟਲਾ ਕੇ ਵੋਹ ਮਸ਼ਹੂਰ ਖ਼ਾਨ ਥੇ।
ਇਕ ਰੋਜ਼ ਆ ਕੇ ਰਨ ਮੇਂ ਲੜੇ ਕੁਛ ਜਵਾਨ ਥੇ।
ਗੋਬਿੰਦ ਇਨ ਕੇ ਬਾਪ ਕੀ ਲੇ ਬੈਠੇ ਜਾਨ ਥੇ।
ਨਾਜ਼ਿਮ ਨੇ, ਸੁੱਚਾਨੰਦ ਨੇ, ਉਨ ਸੇ ਕਹਾ ਕਿ ਲੋ :
''ਬਦਲਾ ਪਿਦਰ ਕਾ ਇਨ ਕੇ ਲਹੂ ਕੋ ਬਹਾ ਕੇ ਲੋ।''

ਸ਼ੇਰ ਖ਼ਾਨ ਤੇ ਖਿਜਰ ਖ਼ਾਨ ਦੋ ਪਠਾਣ ਭਰਾ ਸਨ, ਜੋ ਮਾਲੇਰਕੋਟਲੇ ਦੇ ਰਹਿਣ ਵਾਲੇ ਸਨ ਅਤੇ ਮਸ਼ਹੂਰ ਖ਼ਾਨ ਸਨ। ਇਕ ਦਿਨ ਕੁਝ ਜਵਾਨ, ਜੋ ਗੁਰੂ ਗੋਬਿੰਦ ਸਿੰਘ ਜੀ ਉੱਤੇ ਚੜ੍ਹ ਕੇ ਆਏ ਸਨ, ਨਾਲ ਹੋਈ ਜੰਗ ਵਿਚ ਇਨ੍ਹਾਂ ਦੇ ਪਿਤਾ ਗੁਰੂ ਜੀ ਹੱਥੋਂ ਮਾਰੇ ਗਏ ਸਨ। ਨਵਾਬ ਅਤੇ ਉਸ ਦੇ ਦੀਵਾਨ ਸੁੱਚਾ ਨੰਦ ਨੇ ਖ਼ਾਨ ਭਰਾਵਾਂ ਨੂੰ ਕਿਹਾ ਕਿ ਮੌਕਾ ਹੈ, ਇਨ੍ਹਾਂ ਦਾ ਖ਼ੂਨ ਵਹਾ ਕੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈ ਲਵੋ। (**ਚਲਦਾ**)

ਖਾਈਏ ਫਲ ਤਾਂ ਮਿਲਦੈ ਬੱਲ

ਦਲਜੀਤ ਸਿੰਘ (ਡਾ.)

ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ An Apple a day, keep the doctor away ਸਿਰਫ ਸੇਬ ਹੀ ਨਹੀਂ, ਸਗੋਂ ਸਾਰੇ ਹੀ ਫਲਾਂ ਵਿਚ ਕੁਝ ਅਜਿਹੇ ਖੁਰਾਕੀ ਤੱਤ ਛੁੱਪੇ ਹੁੰਦੇ ਹਨ ਜੋ ਮਨੁੱਖਾ ਸਰੀਰ ਨੂੰ ਤੰਦਰੁਸਤ ਤਾਂ ਰਖਦੇ ਹੀ ਹਨ, ਸਗੋਂ ਸੋਹਣਾ ਵੀ ਬਣਾਉਂਦੇ ਹਨ। ਵਿਗਿਆਨਕਾਂ ਅਨੁਸਾਰ ਮਨੁੱਖ ਬਾਂਦਰ ਜਾਤੀ ਤੋਂ ਵਿਕਸਤ ਹੋਇਆ ਹੈ ਤਾਂ ਵੇਖਿਆ ਜਾਵੇ ਤਾਂ ਬਾਂਦਰ ਸਿਰਫ ਫਲ ਹੀ ਖਾਂਦਾ ਹੈ ਅਤੇ ਸਾਰਾ ਦਿਨ ਇਕ ਤੋਂ ਦੂਸਰੇ ਰੱਖ ਤੇ ਟਪੂਸੀਆਂ ਮਾਰਦਾ ਰਤਾ ਭਰ ਵੀ ਥੱਕਦਾ ਨਹੀਂ ਹੈ। ਇਵੇਂ ਹੀ ਫਲ-ਫਰੂਟ ਖਾਣ ਵਾਲੇ ਬੱਚਿਆਂ ਵਿਚ ਜ਼ਿਆਦਾ ਦਿਮਾਗੀ ਅਤੇ ਸਰੀਰਕ ਤਾਕਤ ਹੁੰਦੀ ਹੈ।



ਤਾਜ਼ੇ ਦੱਧ ਵਾਂਗ ਤਾਜ਼ੇ ਫਲਾਂ ਵਿਚ ਮਿਲਾਵਟ ਦੀ ਗੁੰਜਾਇਸ਼ ਘੱਟ ਹੁੰਦੀ ਹੈ। ਆਮ ਲੋਕ ਵਿਦੇਸ਼ਾਂ ਅਤੇ ਦੂਰ-ਦੁਰਾਡੇ ਸੂਬਿਆਂ ਤੋਂ ਆਏ ਫਲਾਂ ਨੂੰ ਖਾਣ 'ਚ ਵਡਿਆਈ ਸਮਝਦੇ ਹਨ। ਆਪਣੀ ਬਗੀਚੀ, ਆਪਣੇ ਨੇੜ੍ਹੇ-ਤੇੜ੍ਹੇ ਦੇ ਇਲਾਕੇ ਜਾਂ ਆਪਣੀ ਗੁਆਂਡੀ ਸੂਬਿਆਂ ਤੋਂ ਆਏ ਫਲਾਂ ਦਾ ਹੀ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਦੂਰ ਦੁਰਾਡੇ ਤੋਂ ਆਏ ਫਲ ਹਮੇਸ਼ਾਂ ਹੀ ਕੈਮੀਕਲ ਕਿਰਿਆਵਾਂ 'ਚੋਂ ਲੰਘੇ ਹੁੰਦੇ ਹਨ ਅਤੇ ਜ਼ਿਆਦਾ ਦਿਨ ਪੁਰਾਣੇ ਹੋਣ ਕਰਕੇ ਫਲਾਂ ਦੇ ਬਹੁਤ ਸਾਰੇ ਪੋਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ ਜਦੋਂ ਕਿ ਆਪਣੇ ਨੇੜ੍ਹੇ-ਤੇੜ੍ਹੇ ਤੋਂ ਆਏ ਫਲ ਤਾਜ਼ਾ ਹੋਣ ਦੇ ਨਾਲ ਆਪਣੇ ਇਲਾਕੇ ਦੀ ਤਾਸੀਰ ਮੁਤਾਬਕ ਜਲਦੀ ਹਜ਼ਮ ਹੋ ਕੇ ਜ਼ਿਆਦਾ ਫਾਇਦਾ ਦਿੰਦੇ ਹਨ।

ਸਾਡੇ ਦੇਸ਼ 'ਚ ਰਿਵਾਜ਼ ਜਿਹਾ ਬਣ ਗਿਆ ਹੈ ਕਿ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਜਾਣ ਲਈ ਮਠਿਆਈ ਦੇ ਡੱਬੇ ਲੈ ਕੇ ਜਾਂਦੇ ਹਾਂ। ਬਜ਼ਾਰੂ ਮਠਿਆਈਆਂ ਉਤੇ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਜੇ ਵਿਸ਼ਵਾਸ਼ ਵੀ ਕਰ ਲਈਏ ਤਾਂ 20-25 ਰੁਪਏ ਕਿਲੋ ਖੰਡ ਦੀ ਮਠਿਆਈ 200-250 ਰੁਪਏ ਕਿਲੋ ਖਰੀਦ ਕੇ ਅਸੀਂ ਆਪ ਹੀ ਸ਼ੂਗਰ ਰੋਗ ਨੂੰ ਅਵਾਜ਼ਾਂ ਮਾਰਦੇ ਹਾਂ। ਉਪਰੋਂ ਦੁਕਾਨਦਾਰ ਗੱਤੇ ਦਾ ਭਾਅ ਵੀ ਮਠਿਆਈ ਦੇ ਬਰਾਬਰ ਲਗਾਉਂਦਾ ਹੈ। ਜ਼ਰਾ ਕੁ ਸੋਚੋ ਕਿ ਇੰਨ੍ਹੇ ਰੁਪਏ ਖਰਚ ਕੇ ਘੱਟੋ-ਘੱਟ 10 ਦਰਜਨ ਕੇਲੇ ਜਾਂ 15 ਕਿਲੋ ਕਿੰਨੂ ਜਾਂ 6 ਕਿਲੋ ਸੇਬ ਜਾਂ 15 ਕਿਲੋ ਪਪੀਤਾ ਲੈ ਸਕਦੇ ਹਾਂ। ਇਤਨਾਂ ਜ਼ਿਆਦਾ ਫਲ ਗੱਤੇ ਦੇ ਛੋਟੇ ਜਿਹੇ ਡੱਬੇ ਦੀ ਥਾਂ ਵੱਡੀ ਟੋਕਰੀ 'ਚ ਸਮਾਉਂਦਾ ਹੈ। ਮਿੱਤਰ ਜਾਂ ਰਿਸ਼ਤੇਦਾਰ ਕਈ ਦਿਨਾਂ ਤੱਕ ਤਾਜ਼ਾ ਫਰੂਟ ਖਾਣਗੇ ਅਤੇ ਸਿਹਤ ਬਣਾਉਣਗੇ। ਪਰ ਕੀ ਕਰੀਏ ਇੰਝ ਕਰਨ ਨਾਲ ਤਾਂ ਸਾਡੀ ਨੱਕ ਨਹੀਂ ਰਹਿੰਦੀ।

ਫਲਾਂ ਵਿਚ ਵਿਟਾਮਨਾਂ ਅਤੇ ਹੋਰ ਕੀਮਤੀ ਤੱਤਾਂ ਤੋਂ ਇਲਾਵਾ ਫ੍ਰੇਕਟੋਜ਼ ਨਾਮ ਦੀ ਮਿਠਾਸ ਹੁੰਦੀ ਹੈ ਜੋ ਸਾਡੇ ਮਿਹਦੇ ਵਿਚ ਛੇਤੀ ਅਤੇ ਸੌਖੀ ਹਜ਼ਮ ਹੋ ਜਾਂਦੀ ਹੈ ਜਦੋਂ ਕਿ ਮਠਿਆਈ ਨੂੰ ਪਚਾਉਣ ਲਈ ਮਿਹਦੇ, ਤਿੱਲੀ, ਅੰਤੜੀਆਂ, ਜਿਗਰ ਅਤੇ ਗੁਰਦਿਆਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਫਲਾਂ ਨੂੰ ਆਮ ਪ੍ਰਚਲਿਤ ਅੰਨ ਵਾਂਗ ਅੱਗ ਤੇ ਪਕਾਉਣ ਦੀ ਲੋੜ ਨਹੀਂ ਪੈਂਦੀ, ਜਿਸ ਨਾਲ ਦੇਸ਼ ਦਾ ਵੱਡਮੁੱਲਾ ਬਾਲਣ ਗੈਸ ਭੰਡਾਰ ਤਾਂ ਬੱਚਦਾ ਹੀ ਹੈ ਅਤੇ ਨਾਲ ਨਾਲ ਸਮੇਂ ਦੀ ਵੀ ਬੱਚਤ ਹੁੰਦੀ ਹੈ। ਫਲਾਂ ਦੀ ਜ਼ਿਆਦਾ ਪੈਦਾਵਾਰ ਕਰਨ ਨਾਲ ਪੇਂਡੂ ਖੇਤਰ ਵਿਚ ਕਾਮਿਆਂ ਲਈ ਰੋਜ਼ਗਾਰ ਦੇ ਮੌਕੇ ਵਧਣਗੇ ਅਤੇ ਸਿਹਤਮੰਦ ਸਮਾਜ ਦੀ ਉਤਪਤੀ ਹੋਵੇਗੀ।

ਤਾਂ ਆਉ, ਸੰਕਲਪ ਕਰੀਏ ਕਿ ਆਪਣੇ ਘਰਾਂ ਖੇਤਾਂ ਅਤੇ ਹਵੇਲੀਆਂ 'ਚ ਫਲਦਾਰ ਰੁੱਖ ਲਗਾਈਏ। ਤੁਹਾਡੇ ਲਗਾਏ ਫਲਦਾਰ ਰੁੱਖਾਂ ਦੀ ਉਪਜ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰਦੂਸ਼ਣ ਰਹਿਤ ਵਾਤਾਵਰਣ ਅਤੇ ਵਿਟਾਮਨਾਂ ਅਤੇ ਤੱਤਾਂ ਨਾਲ ਭਰਪੂਰ ਖਾਧ-ਪਦਾਰਥ ਦੇਵੇਗੀ। ਵਿਦਿਆਰਥੀ ਵਰਗ ਲਈ ਫਲ ਰੱਬ ਦਾ ਵਰਦਾਨ ਹਨ।

ਕਾਵਿ-ਕਿਆਰੀ

ਕਵਿਤਾ / ਕੰਧਾਂ 'ਤੇ ਲਿਖਿਆ ਸੱਚ

ਸੁਰਿੰਦਰ ਮਕਸੂਦਪੁਰੀ



ਪੜ੍ਹ ਲਿਆ ਹੋਵੇਗਾ ਐ ਦੋਸਤ !
ਤੂੰ ਮੇਰੀ ਕਾਵਿ-ਕਿਤਾਬ ਦਾ
ਹਰਫ਼-ਦਰ-ਹਰਫ਼
ਸ਼ਬਦ-ਦਰ-ਸ਼ਬਦ
ਸਫ਼ਾ-ਦਰ-ਸਫ਼ਾ
ਕੁਝ ਤਾਂ ਲੋਅ ਮਿਲੀ ਹੋਵੇਗੀ
ਤੇਰੀ ਕਾਲ਼ੀ ਮੱਸਿਆ ਦੀ ਰਾਤ ਨੂੰ
ਇਨ੍ਹਾਂ ਸ਼ਬਦਾਂ ਦੇ ਚਾਨਣ 'ਚੋਂ
ਇਨ੍ਹਾਂ ਸਫ਼ਿਆਂ ਦੇ ਮਾਨਣ ਤੋਂ

ਫਿਰ ਵੀ ਨਾ ਜਾਣ ਸਕਿਆ ਜੇ
ਤੂੰ ਮੇਰੇ ਅੱਖਰਾਂ ਦੀ ਇਬਾਦਤ
ਫਿਰ ਵੀ ਨਾ ਪਛਾਣ ਸਕਿਆ ਜੇ
ਤੂੰ ਮੇਰੀ ਕਲਮ ਦੀ ਬੁਝਾਰਤ
ਫਿਰ ਵੀ ਨਾ ਮਾਣ ਸਕਿਆ ਜੇ
ਮੇਰੇ ਸ਼ਬਦਾਂ ਦੀ ਤਜਾਰਤ


ਤਾਂ ਪੜ੍ਹ-ਗੁੜ੍ਹ ਲੈਣਾ
ਮੇਰੇ ਦੋਸਤ !
ਇਹ ਕੰਧਾਂ 'ਤੇ ਲਿਖਿਆ ਸੱਚ
ਇਹ ਤਾ-ਉਮਰ ਹੰਢਾਇਆ ਤੱਥ
ਕੰਮ ਆਊ ਇਹ ਤੇਰੇ
'ਮਕਸੂਦਪੁਰੀ' ਦੇ ਤੁਰ ਜਾਣ ਤੋਂ ਬਾਅਦ
ਤੇਰੀਆਂ ਗ਼ਲਤ-ਫ਼ਹਿਮੀਆਂ ਨਿਵਾਰਨ ਲਈ
ਤੇਰੀ ਵਿਗੜੀ ਸੋਚ ਸੰਵਾਰਨ ਲਈ।

-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021,
ਮੋ. 99887-10234

* * * * *

ਕਵਿਤਾ/ 'ਮੈਂ' ਦਾ ਘੁੰਮਣ

ਰਤਨ ਟਾਹਲਵੀ



ਬੜਾ ਹੀ ਫ਼ਖ਼ਰ ਹੁੰਦਾ ਹੈ
ਮੈਨੂੰ ਮੇਰੇ ਹੀ ਨਿੱਜ 'ਤੇ।
ਕਿ
ਪਤਵੰਤਿਆਂ ਦੀ ਸੂਚੀ 'ਚ
ਸਭ ਤੋਂ ਮੁਹਰਲੀ ਜਗ੍ਹਾ
ਪ੍ਰਾਪਤ ਹੈ ਮੈਨੂੰ।
ਤੇ ਫਿਰ ਮੈਨੂੰ
ਮੇਰੇ 'ਚੋਂ
ਕਿਤੇ ਵੀ ਕੋਈ ਅਨੁਭਵੀ ਜਾਂ ਪੈਗੰਬਰੀ ਬੋਲਾਂ
ਦਾ
ਬੁਲਾਰਾ ਪੈਂਦਾ ਨਹੀਂ ਨਜ਼ਰੀਂ।
ਮੇਰੇ
ਅੰਦਰ ਦੂਰ ਤੱਕ
ਜਾਂ
ਦਿਸਹੱਦੇ ਤੱਕ
ਮੇਰੀ 'ਮੈਂ' ਹੀ 'ਮੈਂ' ਬੋਲਦੀ
ਕੰਨੀ ਪੈਂਦੀ ਹੈ ਹਰ ਇਕ ਨੂੰ।
ਮੈਨੂੰ ਫ਼ਖ਼ਰ ਹੁੰਦਾ ਹੈ
ਕਿ
ਕੋਈ ਸ਼ਬਦ ਟਿਕ ਨਹੀਂ ਸਕਦਾ
ਮੇਰੀ ਮੈਂ ਦੇ ਰੂਬਰੂ।
ਆਖ਼ਰ ਮੇਰੀ 'ਮੈਂ' ਤਾਂ
ਬਲਵਾਨ ਹੈ ਬਹੁਤ।
ਕਿਸੇ ਵੀ ਐਰ੍ਹੇ ਗੈਰ੍ਹੇ ਦੀ
ਨਹੀਂ ਪ੍ਰਵਾਹ ਕੋਈ।
ਕਮਬਖ਼ਤ ਲੋਕ ਨੇ ਬੜੇ
ਲਿਆਕਤ ਭਰਪੂਰ 'ਮੈਂ' ਨੂੰ
ਫਿਰ ਵੀ ਆਖਦੇ ਨਹੀਂ ਥਕਦੇ
ਘੁਮੰਡੀ।
ਅਚਾਨਕ
ਦਿਨ ਦੇ ਸਿਖ਼ਰ ਦੁਪਹਿਰੇ
'ਤੂੰ' ਨੇ 'ਮੈਂ' ਨੂੰ ਧਰਤੀ 'ਤੇ
ਪਟਾਕ ਕੇ ਮਾਰਿਆ।
ਤੇ 'ਮੈਂ' ਮੈਂ (ਤੂੰ ਦੇ ਬੋਲ)
ਤਾਂ ਸੁਣਿਆ ਹੀ ਨਈਂ
ਕਿਤੇ ਵੀ ਤੇਰੇ ਨਾਂ ਨੂੰ ਅੱਜ ਤੱਕ।
ਤੇ
ਫਿਰ 'ਮੈਂ' ਤੂੰ ਦੇ ਅੱਗੇ
ਨਿਰੁੱਤਰ ਹੋਈ ਖੜ੍ਹੀ ਸੀ।

* * * * *

ਬੱਚਿਆਂ ਬਿਨ

ਬਚਨ ਸਿੰਘ ਦਾ ਬੇਟਾ ਅਮਰੀਕਾ ਤੋਂ ਥੋੜ੍ਹੇ ਦਿਨ ਪਹਿਲਾਂ ਹੀ ਆਇਆ ਸੀ ਤੇ ਬਚਨ ਸਿੰਘ ਤੇ ਉਹਦੀ ਘਰ ਵਾਲੀ ਬਹੁਤ ਖੁਸ਼ ਸਨ ਪਰ ਉਹਨਾਂ ਦੀ ਇਹ ਖੁਸ਼ੀ ਥੋੜ੍ਹੇ ਦਿਨ ਬਾਅਦ ਹੀ ਉਦਾਸੀ ਵਿੱਚ ਬਦਲ ਗਈ ਸਾਇਦ ਉਹਨਾਂ ਨੂੰ ਇਹ ਪਤਾ ਲੱਗ ਗਿਆ ਸੀ ਕਿ ਉਹਨਾਂ ਦਾ ਬੇਟਾ ਆਪਣੀ ਪਤਨੀ ਤੇ ਦੋਨਾਂ ਬੱਚਿਆਂ ਨੂੰ ਨਾਲ ਲਿਜਾਉਣ ਦੇ ਸਾਰੇ ਕਾਗਜ਼ ਪੱਤਰ ਤਿਆਰ ਕਰਕੇ ਲਿਆਇਆ ਸੀ ਤੇ ਚੁੱਪ-ਚੁਪੀਤੇ ਸਮਾਨ ਵਗੈਰਾ ਖਰੀਦ ਰਿਹਾ ਸੀ ਤੇ ਤਿਆਰੀ ਕਰ ਰਿਹਾ ਸੀ। ਬਚਨ ਸਿੰਘ ਤੇ ਉਸਦੀ ਪਤਨੀ ਆਪਣੇ ਇਕਲੌਤੇ ਪੁੱਤ ਦੇ ਬਾਹਰ ਜਾਣ ਕਾਰਨ ਕਈ ਵਾਰੀ ਬੜੀ ਉਦਾਸੀ ਮਹਿਸੂਸ ਕਰਦੇ ਸੀ ਪਰ ਨੂੰਹ ਤੇ ਪੋਤੇ ਪੋਤੀ ਦੀ ਮੌਜੂਦਗੀ ਉਹਨਾਂ ਦੀ ਉਦਾਸੀ ਥੋੜ੍ਹੀ ਘੱਟ ਕਰ ਦਿੰਦੀ। ਆਖਰ ਉਹ ਸਮਾਂ ਵੀ ਆ ਗਿਆ ਜਦੋਂ ਬਚਨ ਸਿੰਘ ਦੇ ਬੇਟੇ ਨੇ ਦੱਸ ਹੀ ਦਿੱਤਾ ਕਿ ਅੱਜ ਉਹਨਾਂ ਦੀ ਅਮਰੀਕਾ ਲਈ ਉਡਾਨ ਹੈ। ਇਹ ਸੁਣ ਬਚਨ ਸਿੰਘ ਦੀ ਘਰਵਾਲੀ ਤੇ ਕੁਝ ਨਾ ਬੋਲੀ ਪਰ ਬਚਨ ਸਿੰਘ ਨੇ ਆਪਣੇ ਮੁਰਝਾਏ ਚਿਹਰੇ ਤੇ ਛਿਕੜੀ ਜੰਮੇਂ ਬੁੱਲ੍ਹਾਂ ਵਿੱਚੋਂ ਬੋਲ ਕੇ ਕਿਹਾ ਕਿ ਬੇਟਾ ਹੁਣ ਸਾਡਾ ਕੀ ਬਣੇਗਾ ਇਹ ਸੁਣਦੇ ਹੀ ਬਚਨ ਸਿੰਘ ਦੇ ਮੁੰਡੇ ਨੇ ਕਿਹਾ ਕਿ ਉਹ ਹੁਣ ਆਪਣੇ ਬੱਚਿਆਂ ਤੋਂ ਬਿਨਾਂ ਨਹੀਂ ਰਹਿ ਸਕਦਾ ਇਸ ਕਰਕੇ ਉਹ ਉਹਨਾਂ ਨੂੰ ਨਾਲ ਲਿਜਾ ਰਿਹਾ ਹੈ। ਇਹ ਸੁਣਦੇ ਹੀ ਬਚਨ ਸਿੰਘ ਦੀਆਂ ਅੱਖਾਂ ਵਿੱਚੋਂ ਅੱਥਰੂਆਂ ਦੀ ਧਾਰ ਵਗ ਤੁਰੀ, ਸ਼ਾਇਦ ਇਹ ਧਾਰ ਇਹ ਕਹਿ ਰਹੀ ਹੋਵੇ ਕਿ ਜਿਵੇਂ ਤੂੰ ਆਪਣੇ ਬੱਚਿਆਂ ਬਿਨਾਂ ਨਹੀਂ ਰਹਿ ਸਕਦਾ ਉਵੇਂ ਹੀ ਤੇਰਾ ਪਿਓ ਵੀ ਆਪਣੇ ਬੱਚੇ ਬਿਨਾਂ ਨਹੀਂ ਰਹਿ ਸਕਦਾ ਪਰ ਅੱਥਰੂਆਂ ਤੋਂ ਬਿਨਾਂ ਹੋਰ ਕੁਛ ਕਹੇ ਦਿਲ ਦੀਆਂ ਗੱਲਾਂ ਦਿਲ ਵਿੱਚ ਹੀ ਦੱਬ ਕੇ ਬਚਨ ਸਿੰਘ ਨੇ ਆਪਣੇ ਸਾਫੇ ਨਾਲ ਆਪਣੀਆਂ ਅੱਖਾਂ ਪੂੰਝੀਆਂ ਤੇ ਭਰੇ ਮਨ ਨਾਲ ਆਪਣੇ ਬੇਟੇ ਤੇ ਓਹਦੇ ਪਰਿਵਾਰ ਨੂੰ ਅਮਰੀਕਾ ਲਈ ਵਿਦਾ ਕਰਨ ਵਿੱਚ ਲੱਗ ਪਿਆ।



'ਸੁਖਵਿੰਦਰ ਸਿੰਘ ਜਲਾਲਪੁਰੀ'
ਇੰਸਪੈਕਟਰ ਸੀ.ਬੀ.ਆਈ.
ਮੋਬਾਇਲ ਨੰ : 99063-81482

* * * * *

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),
ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

ਵੱਲੋਂ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

खेलों की आवश्यकता और महत्त्व





मानव-जीवन को सुखी एवं स्वस्थ बनाए रखने के लिए खेलों का जीवन में उतना ही महत्त्वहै, जितना कि संतुलित भोजन, पढ़ने-लिखने और साँस लेने का है। स्वस्थ्य शरीर में ही स्वस्थ मन-मस्तिष्क और आत्मा का निवास होता है। उनके सभी का विकास करके ही मनुष्य अपने संपूर्ण जीवन का विकास कर सकता है।

सबसे पहले खेल के लिए शरीर को स्वस्थ रखना बहुत ही आवश्यक है, क्योंकि स्वस्थ शरीर वाला ही धर्म-कर्म, पठन-पाठन तथा अन्य सभी कुछ कर पाने में समर्थ होता है। मन-मस्तिष्क और शरीर से स्वस्थ भक्ति ही जीवन के विकास के लिए छोटे-बड़ा या महत्त्वपूर्ण कार्य कर पाने में समर्थ हो सकता है। कार्य-शक्ति को बढ़ाने के लिए मनोरंजन भी बहुत आवश्यक होता है। सभी जानते हैं कि स्वस्थ ढंग के खेल-कूद मनोरंजन के भी बहुत अच्छे साधन है। प्रसन्न मन ही बेकार के राग-द्वेषों से ऊपर उठकर सत्कार्य कर सकता है। निरंतर काम थकान को मिटाकर मनोरंजन द्वारा तन-मन-मस्तिष्क सभी को हरा बना देते हैं। मन में नए उत्साह का संचार करते हैं। यही कारण है कि समर्थ लोग किसी-न-किसी कार्य के लिए समय अवश्य निकाल लेते हैं।

इसलिए जो छात्र जीवन में हर तरह से सफल होना चाहता है, उसे शिक्षा और खेलों में उचित तालमेल बनाए रखना चाहिए। आज एक पढ़ा-लिखा व्यक्ति खेलों को जीविका का अच्छा साधन बना सकता है, लेकिन शरीर को सही संतुलन दे सकने वाला खेल ही सर्वश्रेष्ठ है, इसमें संदेह नहीं।

मनविंदर कौर







MATRIMONIAL



LOOKING FOR MATCH 35 YEARS JUNE 1990 BORN SIKH LABANA HANDSOME & FAIR COMPLEXION BOY, HEIGHT 5‘7”, BIRTH PLACE NEW DELHI, LIVING IN BRAMPTON, ONTARIO, CANADA, QUALIFICATON – MASTER DEGREE IN MECHNICAL ENGINEERING, FULL TIME JOB- AS A PROJECT MANAGER IN A COMMERCIAL HVAC AND PLUMBING COMPANY. FATHER & MOTHER (PR) RETD. FROM CANADA AND LIVING IN CANADA/ DELHI. SIBLING – ONE ELDER SISTER (MARRIED), SETTLED IN BRAMPTON. PREF GIRL PERMANENT RESIDENT OR CITIZEN OF CANADA. CONTACT – 9868825748, CANADA NUMBER +6473087399.

* * * * *

MATCH FOR DIVORCED 49-YEAR-OLD 5'-7" LUBANA SIKH OWN BUSINESS OF BOOKS AND STATIONERY IN MOHALI OWN HOUSE IN MOHALI. CASTE NO BAR. CONTACT 98786-51664.

* * * * *

SEEKING MATCH FOR WELL SETTELED HANDSOME HINDU BOY DOB 16.03.1998, HEIGHT 5’11”, M. TECH (IT) IIIT ALLAHBAAD, WORKING AS SOFTWARE ENGINEER AT MUMBAI. PERMANENT RESIDENCE IN CHANDIGARH, FAMILY - FATHER PRIVATE BUSINESS, MOTHER RETD FROM GOVT. JOB,TWO ELDER SISITERS ALREADY MARRIED AND WELL SETTLED. GIRL FROM CHANDIGARH, MOHALI, PANCHKULA & ZIRAKPUR IN SAME OR UPPER CASTE & IT FILED OR TEACHING LINE. CONTACT – MOTHER 9465226647, FATHER 9417318380.

* * * * *

LOOKING MATCH FOR 25 YRS, HEIGHT 5’11”, FAIR COMPLEXION LUBANA SIKH BOY EDUCATION B.TECH (CSE) OCCUPATION – BUSINESS (MEN’S FASHION & CLOTHING SHOWROOM), NATURE -KIND HEARTED NATURE GENTLEMAN WITH A BALANCED MIX OF MODERN OUTLOOK & TRADITIONAL VALUES, AMBITIOUS, CARING & UNDERSTANDING. HOBBIES – LOVES ADVENTURE TRIPS, GYM, EXPLORING NATURE AND DISCOVERING NEW FOOD SPOTS. FAMILY – FATHER GOVT. SERVICE (GROUP A GAZETTED OFFICER), MOTHER – HOMEMAKER, SIBLINGS – ONE BROTHER, FAMILY RESIDENCE CURRENLY IN MOHALI. CONTACT – 9818852417.

* * * * *

MATCH FOR HANDSOME LOBANA SIKH BOY 1977/6 FT, B. TECH + MBA, WORKING IN MNC AS MANAGER, PARENTS GOVT. RETIRED SIBLINGS – TWO SISTERS, ONE MARRIED. BOY GOT HANDSOME SALARY. CONTACT 9466504766

* * * * *

LUBANA SIKH BOY ASSTT. PROF. MAY '2001 5.7 FT B.TECH. (AERONAUTICAL) M.TECH. (MECH), PH.D. (PURSUING) BELONGS TO YAMUNA NAGAR (HARYANA). REQUIRED SUITABLE MATCH, CONT. @ 9813412292...8699243271

* * * * *

LUBANA MATCH FOR SIKH LUBANA GIRL, 1992, 5'-0", MBA, SELF EMPLOYED. SIKH FAMILIES CONTACT : 98148-78884

* * * * *

Arshdeep Singh Khasria " DOB :7th October 1999, Height 6 feet, Qualification Plus 2 Non Medical (India), Diploma Information Networking and Administration (Community College Woodstock Canada), Living at Woodstock, New Brunswick, Doing Job as Assistant Manager Sales at CouchTard (Circle K), Also doing immigration work as consultant etc, PR CANADA. Father's Jasbir Singh Khasria (Mtech Civil Engg) Retired as Principal Ramgarhia Polytechnic college Phagwara. Now working as AGM HR DEPTT At Guru Nanak Auto Axles Limited MEHTIANA, Mother's Davinder Kaur Khasria (MA Bed) Working as Vice Principal at Swami Sant Dass Public School (CBSE Sen. Sec.) PHAGWARA. Family Details Daughter Married at Jalandhar MBBS, AESTHETIC Physician.

ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

• • •

ਹਰ ਘਰ ਵਿੱਚ ਅੰਮ੍ਰਿਤ ਵੇਲੇ ਸ੍ਰੀ ਜਪੁਜੀ ਸਾਹਿਬ ਦੇ ਇੱਕ ਪਾਠ ਕਰਨ ਦਾ ਦਸਤੂਰ ਅਪਨਾਉ। ਤੁਹਾਨੂੰ ਘਰ ਵਿਚ ਵਾਹਿਗੁਰੂ ਜੀ ਦੀ ਅਪਾਰ ਕਿਰਪਾ ਵਰਤਦੀ ਨਜ਼ਰ ਆਵੇਗੀ।

ਮਈ ਮਹੀਨੇ ਦਾਨੀ ਸੱਜਣਾਂ ਵੱਲੋਂ ਦਿੱਤੇ ਦਾਨ ਦੀ ਸੂਚੀ

ਲੜੀ ਨੰ:	ਨਾਮ ਤੇ ਪਤਾ	ਰਸੀਦ ਨੰ.	ਰਾਸ਼ੀ ਰੁਪਏ	ਮਿਤੀ
1.	ਸ਼੍ਰੀਮਤੀ ਗੁਰਜੀਤ ਕੌਰ ਸੁਪਤਨੀ ਸ. ਬਲਦੇਵ ਸਿੰਘ, ਵਿੰਗ ਨੰ. 6, ਦੇਹਰਾਦੂਨ।	840	2500/-	30.04.2026
2.	ਕਰਨਲ ਗੁਪਦੀਪ ਸਿੰਘ (ਰਿਟਾ.) ਮ. ਨੰ: 62, ਸੈਕਟਰ-71, ਮੋਹਾਲੀ।	841	500/-	15.05.2026
3.	ਸ. ਰਵਿੰਦਰ ਸਿੰਘ ਮ. ਨੰ: 2092, ਸੈਕਟਰ-45, ਚੰਡੀਗੜ੍ਹ।	842	200/-	15.05.2026
4.	ਸ. ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ ਮ. ਨੰ: 2354, ਫ਼ੇਸ-10, ਮੋਹਾਲੀ।	843	200/-	15.05.2026
5.	ਸ. ਸੁਰਿੰਦਰ ਸਿੰਘ ਮ. ਨੰ: 3040, ਸੈਕਟਰ-47, ਚੰਡੀਗੜ੍ਹ।	844	200/-	15.05.2026
6.	ਸ. ਦਰਬਾਰਾ ਸਿੰਘ ਮ. ਨੰ: 130, ਸੈਕਟਰ-46ਏ, ਚੰਡੀਗੜ੍ਹ।	845	200/-	15.05.2026
7.	ਲੈ. ਗੁਲਸ਼ਨ ਕੁਮਾਰ ਸਿੰਘ (ਰਿਟਾ.) ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ. ਨੰ. 3405, ਸੈਕਟਰ-40ਡੀ, ਚੰਡੀਗੜ੍ਹ।	846	200/-	15.05.2026
8.	ਪੰਡਿਤ ਰਾਮ ਕੁਮਾਰ ਬ.ਮ.ਸ.ਲ ਭਵਨ, ਸੈਕਟਰ-30ਏ, ਚੰਡੀਗੜ੍ਹ।	847	500/-	15.05.2026
9.	ਸ. ਜਗੀਰ ਸਿੰਘ ਮ. ਨੰ: 2258/2, ਸੈਕਟਰ-45ਸੀ, ਚੰਡੀਗੜ੍ਹ।	848	200/-	15.05.2026
10.	ਸ. ਬਲਕਾਰ ਸਿੰਘ ਫਲੈਟ ਨੰ: ਬੀ1/504, ਲਾਪਰਿਜ਼ਮਾ ਸੋਸਾਇਟੀ, ਜ਼ੀਰਕਪੁਰ।	849	500/-	15.05.2026
11.	ਸ. ਇੰਦਰਪ੍ਰੀਤ ਸਿੰਘ ਲਾਪਰਿਜ਼ਮਾ ਸੋਸਾਇਟੀ, ਜ਼ੀਰਕਪੁਰ।	850	500/-	15.05.2026
12.	ਸ. ਸੁਰਜੀਤ ਸਿੰਘ, ਵਿੱਤ ਸਕੱਤਰ ਗ੍ਰਾਮੀਨ ਬੈਂਕ ਮੈਨੇਜਰ (ਰਿਟਾ.), ਮ. ਨੰ: 171, ਅਰਬਨ ਅਸਟੇਟ, ਕਪੂਰਥਲਾ।	851	500/-	15.05.2026
13.	ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਮ. ਨੰ.187, ਹਰਦਿਆਲ ਨਗਰ, ਜਲੰਧਰ।	852	1000/-	22.05.2026

14.	ਸ਼੍ਰੀ ਪਰਵੀਨ ਮੰਨਚੰਦਾ ਮ. ਨੰ.77/8, ਸੁਭਾਸ਼ ਨਗਰ, ਮਨੀਮਾਜਰਾ। (ਗੁਰੂ ਘਰ ਵਿਖੇ ਆਨੰਦ ਕਾਰਜ ਲਈ ਦਿੱਤੇ)।	853	2100/-	24.05.2026

ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।

ਖੁਸ਼ਖ਼ਬਰੀ

ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।

Lobana Bhawan

Baba Makhan Shah Lobana Foundation (Regd.),
Sector 30-A, Chandigarh

Facilities Available for All Types of Functions at reasonable rates

Double Bed A.C Rooms	*Dormitory A.C Rooms Four Single Bed*
Main Hall, A.C Capacity 400 Persons	*Mini Hall, A.C Capacity 150-200 Persons*
Main Auditorium, A.C Capacity 450 Persons	*Mini Auditorium, A.C Capacity 150 Persons*
Basement Hall 350-400 Persons	*Conference Hall, A.C Capacity 25 Persons*

24x7 Catering Service Available

For Booking Contact :-
98768-11137, 73470-65188

ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 76ਵੀਂ ਸਾਲਾਨਾ ਬਰਸੀ ਮੌਕੇ ਸਨਮਾਨਤ ਸ਼ਖ਼ਸ਼ੀਅਤਾਂ






ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 76ਵੀਂ ਸਾਲਾਨਾ ਬਰਸੀ ਮੌਕੇ ਡੇਰਾ ਸੰਤ ਪ੍ਰੇਮ ਸਿੰਘ ਜੀ ਬੇਗੋਵਾਲ ਵਿਖੇ ਡੇਰਾ ਪ੍ਰਬੰਧਕਾਂ ਵਲੋਂ ਲੁਬਾਣਾ ਬਰਾਦਰੀ ਦੇ ਕੁਝ ਮੌਜੂਦਾ ਅਤੇ ਸੇਵਾਮੁਕਤ ਅਫਸਰਾਂ/ਅਧਿਕਾਰੀਆਂ ਦਾ ਸਨਮਾਨ ਕੀਤਾ ਗਿਆ। ਬੀਬੀ ਜਗੀਰ ਕੌਰ ਅਤੇ ਸਟੇਜ 'ਤੇ ਮੌਜੂਦ ਜਥੇਦਾਰ ਹਰਪ੍ਰੀਤ ਸਿੰਘ ਜੀ ਨੇ ਗੁਰਕੰਵਲ ਸਿੰਘ, ਦਲਜਿੰਦਰ ਸਿੰਘ ਦੋਨੋਂ ਆਈ.ਏ.ਐਸ. ਦੇ ਪਰਿਵਾਰਕ ਮੈਂਬਰਾਂ, ਗੁਰਮੀਤ ਸਿੰਘ ਪੀ.ਸੀ.ਐਸ., ਡਿਪਟੀ ਚੀਫ ਇੰਜੀਨੀਅਰ ਭਗਵਾਨ ਸਿੰਘ ਲੁਬਾਣਾ, ਡਿਪਟੀ ਚੀਫ ਇੰਜੀਨੀਅਰ ਬਲਜੀਤ ਸਿੰਘ ਭਗਤਾਣਾ, ਸਤਪਾਲ ਸਿੰਘ ਮੁਲਤਾਨੀ ਏ.ਈ.ਟੀ.ਸੀ., ਸੁਰਿੰਦਰ ਸਿੰਘ ਰੂਬੀ ਈ.ਟੀ.ਓ., ਡੀ.ਐਸ.ਪੀ. ਅਵਤਾਰ ਸਿੰਘ, ਡੀ.ਐਸ.ਪੀ. ਸੁਖਜਿੰਦਰ ਸਿੰਘ, ਡਾ. ਸੁਰਜੀਤ ਸਿੰਘ ਸਿਵਲ ਸਰਜਨ, ਡਾ. ਬਲਬੀਰ ਸਿੰਘ ਮੁਲਤਾਨੀ, ਡਾ. ਪ੍ਰਿਤਪਾਲ ਸਿੰਘ, ਡਾ. ਤਰਸੇਮ ਸਿੰਘ, ਡਾ. ਰਜਨੀਤ ਕੌਰ, ਸੁਖਵੰਤ ਸਿੰਘ ਜੀ.ਐਮ., ਸੁਰਜੀਤ ਸਿੰਘ ਬੈਂਕ ਮੈਨੇਜਰ, ਪ੍ਰੋਫੈਸਰ ਜਸਵੰਤ ਸਿੰਘ ਜੀ ਅਤੇ ਹੋਰ ਬਹੁਤ ਸਾਰੇ ਅਧਿਕਾਰੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਨਿਵਾਜਿਆ।

Postal No. - Jallandhar Vide No. L-4/PB/JL-0196/2024-2026

ਲੁਬਾਣਾ ਭਾਈਚਾਰੇ ਨਾਲ ਸੰਬੰਧਤ ਗੁਰਵਿੰਦਰਵੀਰ ਸਿੰਘ ਨੂੰ 100 ਮੀਟਰ ਦੀ ਦੌੜ ਵਿਚ ਦੇਸ਼ ਦਾ ਸਭ ਤੋਂ ਤੇਜ਼ ਦੌੜਾਕ ਬਣਨ 'ਤੇ ਬਾਬਾ ਮੱਖਣ ਸਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੇ ਸਮੂਹ ਮੈਂਬਰਾਨ ਵੱਲੋਂ ਬਹੁਤ-ਬਹੁਤ ਮੁਬਾਰਕਾਂ !









ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਅਤੇ ਫਾਊਂਡੇਸ਼ਨ ਦੇ ਹੋਰ ਅਹੁਦੇਦਾਰਾਂ ਵੱਲੋਂ ਗੁਰਿੰਦਰਵੀਰ ਸਿੰਘ ਦੇ ਗ੍ਰਿਹ ਪਿੰਡ ਪਤਿਆਲ, ਨਜ਼ਦੀਕ ਭੋਗਪੁਰ, ਜ਼ਿਲ੍ਹਾ ਜਲੰਧਰ ਵਿਖੇ ਪਹੁੰਚ ਕੇ ਉਨ੍ਹਾਂ ਦੇ ਪਿਤਾ ਸਰਦਾਰ ਕਮਲਜੀਤ ਸਿੰਘ ਅਤੇ ਮਾਤਾ ਸਰਦਾਰਨੀ ਰੁਪਿੰਦਰ ਕੌਰ ਨੂੰ ਬੇਟੇ ਦੀ ਮਾਣਮੱਤੀ ਪ੍ਰਾਪਤੀ ਲਈ ਵਧਾਈ ਦਿੱਤੀ ਗਈ। ਲੁਬਾਣਾ ਭਵਨ ਚੰਡੀਗੜ੍ਹ ਵਿਖੇ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 76ਵੀਂ ਬਰਸੀ ਜੋ ਕਿ ਮਿਤੀ 21-06-2026 ਨੂੰ ਮਨਾਈ ਜਾਵੇਗੀ, ਉਸ ਸਮੇਂ ਫਾਊਂਡੇਸ਼ਨ ਵੱਲੋਂ ਗੁਰਵਿੰਦਰਵੀਰ ਸਿੰਘ ਨੂੰ ਇੱਕ ਲੱਖ ਰੁਪਇਆ ਸਨਮਾਨ ਵਜੋਂ ਭੇਟ ਕੀਤਾ ਜਾਵੇਗਾ।